# ਜ਼ਿੰਦਗੀ ਵਾਸਤੇ ਸਟੈੱਮ ਸੈੱਲ

ਜਦ ਮੈਨੂੰ ਪਤਾ ਚੱਲਿਆ ਕਿ ਨਾੜੂਏ ਦਾ ਖ਼ੂਨ ਕਿਸੇ ਦੀ ਜ਼ਿੰਦਗੀ ਬਚਾ ਸਕਦਾ ਹੈ,
ਤਾਂ ਮੇਰੇ ਨਾੜੂਏ ਦੇ ਖ਼ੂਨ ਨੂੰ ਇੱਕ ਜਨਤਕ ਬੈਂਕ ਨੂੰ ਦਾਨ ਕਰਨਾ ਅਸਾਨ ਫੈਸਲਾ ਸੀ।

– ਨਤਾਲੀ, ਜੋ ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਨੂੰ ਦੋ ਵਾਰ ਨਾੜੂਏ ਦਾ ਖ਼ੂਨ ਦਾਨ ਕਰ ਚੁੱਕੀ ਹੈ



Canadian Blood Services


BLOOD
PLASMA
STEM CELLS
ORGANS
& TISSUES

## ਕੀ ਤੁਸੀਂ ਜਾਣਦੇ ਹੋ ਕਿ ਕਿਸੇ ਬੱਚੇ ਦੇ ਜਨਮ ਦੇ ਬਾਅਦ, ਨਾੜੂਏ ਅਤੇ ਔਲ ਵਿੱਚ ਬਚਿਆ ਖ਼ੂਨ ਜ਼ਿੰਦਗੀ ਬਚਾਉਣ ਵਾਲੇ ਸਟੈੱਮ ਸੈੱਲਾਂ ਨਾਲ ਭਰਪੂਰ ਹੁੰਦਾ ਹੈ?

### ਨਾੜੂਏ ਦਾ ਖ਼ੂਨ 80 ਤੋਂ ਵਧੇਰੇ ਬਿਮਾਰੀਆਂ ਅਤੇ ਵਿਕਾਰਾਂ ਦਾ ਇਲਾਜ ਕਰ ਸਕਦਾ ਹੈ ਜਿਸ ਵਿੱਚ ਲੂਕੀਮੀਆ (ਖ਼ੂਨ ਦਾ ਕੈਂਸਰ) ਵੀ ਸ਼ਾਮਲ ਹੈ, ਪਰ ਫੇਰ ਵੀ ਇਸਨੂੰ ਅਕਸਰ ਡਾਕਟਰੀ ਰਹਿੰਦ-ਖੂੰਹਦ ਵਜੋਂ ਸੁੱਟ ਦਿੱਤਾ ਜਾਂਦਾ ਹੈ।

ਕੈਨੇਡੀਅਨ ਬਲੱਡ ਸਰਵਿਸਜ਼ ਦੀ 'ਕੋਰਡ ਬਲੱਡ ਬੈਂਕ' ਕਿਸੇ ਗੈਰ-ਸੰਬੰਧਿਤ ਸਟੈੱਮ ਸੈੱਲ ਪ੍ਰਤੀਰੋਪਣ (transplant) ਦੀ ਲੋੜ ਵਾਲੇ ਮਰੀਜ਼ਾਂ ਦੁਆਰਾ ਭਵਿੱਖ ਵਿੱਚ ਵਰਤੇ ਜਾਣ ਲਈ ਦਾਨ ਕੀਤੇ ਨਾੜੂਏ ਦੇ ਖ਼ੂਨ ਨੂੰ ਇਕੱਤਰ ਅਤੇ ਸਟੋਰ ਕਰਦੀ ਹੈ।

ਕੈਨੇਡਾ ਵਿੱਚ ਸਟੈੱਮ ਸੈੱਲ ਪ੍ਰਤੀਰੋਪਣ ਵਾਲੇ ਮਰੀਜ਼ਾਂ ਵਿੱਚੋਂ ਅੱਧੇ ਮਰੀਜ਼ ਕੋਈ ਸਟੈੱਮ ਸੈੱਲ ਦਾਨੀ ਲੱਭਣ ਦੇ ਅਯੋਗ ਹੁੰਦੇ ਹਨ।



25% ਤੋਂ ਘੱਟ
ਮਰੀਜ਼ਾਂ ਨੂੰ ਆਪਣੇ ਖ਼ੁਦ ਦੇ ਪਰਿਵਾਰ ਦੇ ਅੰਦਰ ਕੋਈ ਮੇਲ ਖਾਂਦਾ ਦਾਨੀ ਮਿਲਦਾ ਹੈ

ਬਾਕੀ ਦੇ ~75%
ਮਰੀਜ਼ਾਂ ਨੂੰ ਆਪਣੀਆਂ ਜ਼ਿੰਦਗੀਆਂ ਬਚਾਉਣ ਵਾਸਤੇ ਗੈਰ-ਸੰਬੰਧਿਤ ਦਾਨੀਆਂ 'ਤੇ ਭਰੋਸਾ ਕਰਨਾ ਲਾਜ਼ਮੀ ਹੈ

ਇੱਕ ਭਾਂਤ-ਸੁਭਾਂਤੀ ਕੌਮੀ ਜਨਤਕ ਕੋਰਡ ਬਲੱਡ ਬੈਂਕ ਦਾ ਮਤਲਬ ਹੈ ਕਿਸੇ ਲੋੜਵੰਦ ਮਰੀਜ਼ ਨੂੰ ਮੇਲ ਲੱਭਣ ਦੀ ਬਿਹਤਰ ਸੰਭਾਵਨਾ।

### ਨਾੜੂਏ ਦਾ ਖ਼ੂਨ ਦਾਨ ਕਰਨਾ ਮੁਫ਼ਤ ਹੈ, ਅਸਾਨ ਹੈ ਅਤੇ ਇਸ ਨਾਲ ਮਾਂ ਜਾਂ ਬੱਚੇ ਨੂੰ ਕੋਈ ਜੋਖ਼ਮ ਨਹੀਂ ਹੁੰਦਾ।

ਨਾੜੂਏ ਦਾ ਖ਼ੂਨ ਚਾਰ ਟਿਕਾਣਿਆਂ 'ਤੇ ਦਾਨ ਕੀਤਾ ਜਾ ਸਕਦਾ ਹੈ:

ਓਟਾਵਾ ਹੌਸਪੀਟਲ ਜਨਰਲ ਕੈਂਪਸ The Ottawa Hospital General Campus
ਓਟਾਵਾ ਓਨਟੈਰੀਓ Ottawa Ontario

ਬਰੈਮਪਟਨ ਸਿਵਿਕ ਹਸਪਤਾਲ ਵਿਖੇ ਵਿਲੀਅਮ ਓਸਲਰ ਹੈਲਥ ਸਿਸਟਮ
William Osler Health System at Brampton Civic Hospital
ਬਰੈਮਪਟਨ ਓਨਟੈਰੀਓ Brampton Ontario

ਅਲਬਰਟਾ ਹੈਲਥ ਸਰਵਿਸਜ਼ ਦਾ ਲੋਇਸ ਹੋਲ ਹੌਸਪੀਟਲ ਫਾਰ ਵਿਮਨ
Alberta Health Services' Lois Hole Hospital for Women
ਐਡਮੋਂਟਨ ਅਲਬਰਟਾ Edmonton Alberta

ਬੀ.ਸੀ. ਵਿਮਨਜ਼ ਹੌਸਪੀਟਲ ਐਂਡ ਹੈਲਥ ਸੈਂਟਰ
BC Women's Hospital and Health Centre
ਵੈਨਕੂਵਰ ਬ੍ਰਿਟਿਸ਼ ਕੋਲੰਬੀਆ Vancouver British Columbia

ਹੋਰ ਭਾਸ਼ਾਵਾਂ ਵਿੱਚ ਲਿਖਤੀ ਅਨੁਵਾਦ ਅਤੇ ਜ਼ੁਬਾਨੀ ਅਨੁਵਾਦ ਸੇਵਾਵਾਂ ਬਾਰੇ ਹੋਰ ਜਾਣਨ ਲਈ ਸਾਡੀ ਵੈੱਬਸਾਈਟ ਦੇਖੋ।

ਤੁਸੀਂ ਉਹ ਦਾਨੀ ਹੋ ਸਕਦੇ ਹੋ ਜੋ ਕਿਸੇ ਦੀ ਜ਼ਿੰਦਗੀ ਬਚਾਉਂਦਾ ਹੈ।

ਪੰਜੀਕਰਨ ਕਰਨਾ ਅਸਾਨ ਹੈ, ਦੇਖੋ blood.ca/donatecord

MM: 1000107547 (2018-12-03)

## ਇਕੱਠਿਆਂ ਮਿਲਕੇ, ਅਸੀ ਕੈਨੇਡਾ ਦੀ ਜੀਵਨਰੇਖਾ ਦਾ ਨਿਰਮਾਣ ਕਰਦੇ ਹਾਂ

Canadian Blood Services
BLOOD
PLASMA
STEM CELLS
ORGANS
& TISSUES

Maternal Hospital ID Label

# ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਵਾਸਤੇ ਇਜਾਜ਼ਤ

ਇਸ 'ਇਕੱਤਰ ਕਰਨ ਲਈ ਇਜਾਜ਼ਤ' ਫ਼ਾਰਮ ਵਿੱਚ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਪ੍ਰਬੰਧਨ ਕੀਤੀ ਜਾਂਦੀ ਜਨਤਕ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਨੂੰ ਦਾਨ ਕਰਨ ਬਾਰੇ ਜਾਣਕਾਰੀ ਹੈ, ਜਿਸ ਵਿੱਚ ਸੰਭਾਵੀ ਲਾਭ ਅਤੇ ਖਤਰੇ ਵੀ ਸ਼ਾਮਲ ਹਨ। ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਦਾਨ ਨਾ ਕਰਨ ਦੀ ਚੋਣ ਕਰਨ ਦਾ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੀ ਡਾਕਟਰੀ ਸੰਭਾਲ ਉੱਤੇ ਕੋਈ ਪ੍ਰਭਾਵ ਨਹੀਂ ਪਵੇਗਾ। ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ 'ਕੋਰਡ ਬਲੱਡ ਬੈਂਕ' ਨੂੰ ਦਾਨ ਕਰਦੇ ਹੋ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਕਿਸੇ ਨਿੱਜੀ ਕੋਰਡ ਬਲੱਡ ਬੈਂਕ ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ।

**ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲ ਕੀ ਹੁੰਦੇ ਹਨ?**

ਨਾੜੂਏ ਦੇ ਖ਼ੂਨ ਵਿੱਚ ਬਲੱਡ ਸਟੈੱਮ ਸੈੱਲ ਹੁੰਦੇ ਹਨ। ਨਾੜੂਏ ਦੇ ਖ਼ੂਨ ਵਿਚਲੇ ਸਟੈੱਮ ਸੈੱਲ ਉਹ ਗੈਰ-ਪ੍ਰੌੜ ਸੈੱਲ ਹੁੰਦੇ ਹਨ ਜੋ ਲਹੂ ਦੇ ਗੇੜ ਵਿੱਚ ਨਿਮਨਲਿਖਤ ਸੈੱਲਾਂ ਵਿੱਚ ਵਿਕਸਿਤ ਹੋ ਜਾਂਦੇ ਹਨ:

- ਲਹੂ ਦੇ ਲਾਲ ਸੈੱਲ ਤਾਂ ਜੋ ਤੁਹਾਡੇ ਸਰੀਰ ਵਿੱਚ ਆਕਸੀਜਨ ਲਿਜਾਈ ਜਾ ਸਕੇ
- ਪਲੇਟਲੈੱਟ ਸੈੱਲ ਤਾਂ ਜੋ ਖ਼ੂਨ ਦੇ ਜੰਮਣ ਵਿੱਚ ਮਦਦ ਕੀਤੀ ਜਾ ਸਕੇ
- ਲਹੂ ਦੇ ਸਫੈਦ ਸੈੱਲ ਤਾਂ ਜੋ ਲਾਗਾਂ ਨਾਲ ਲੜਿਆ ਜਾ ਸਕੇ

**ਨਾੜੂਏ ਦੇ ਖ਼ੂਨ ਵਿੱਚੋਂ ਲਏ ਸਟੈੱਮ ਸੈੱਲਾਂ ਨੂੰ ਕਿਸ ਵਾਸਤੇ ਵਰਤਿਆ ਜਾ ਸਕਦਾ ਹੈ?**

ਕੋਰਡ ਬਲੱਡ ਬੈਂਕ ਨਾੜੂਏ ਦੇ ਖ਼ੂਨ ਵਿੱਚੋਂ ਸਟੈੱਮ ਸੈੱਲਾਂ ਨੂੰ ਇਕੱਤਰ ਕਰਦੀ ਹੈ, ਟੈਸਟ ਕਰਦੀ ਹੈ ਅਤੇ ਸਟੋਰ ਕਰਦੀ ਹੈ ਤਾਂ ਜੋ ਇਹਨਾਂ ਨੂੰ ਕੈਨੇਡਾ ਜਾਂ ਵਿਸ਼ਵ ਵਿੱਚ ਕਿਤੋਂ ਦੇ ਵੀ ਸਟੈੱਮ ਸੈੱਲ ਪ੍ਰਤੀਰੋਪਣ ਲੋੜਦੇ ਮਰੀਜ਼ ਨੂੰ ਉਪਲਬਧ ਕਰਵਾਇਆ ਜਾ ਸਕੇ। ਕਦੇ-ਕਦਾਈਂ, ਕੋਰਡ ਬਲੱਡ ਬੈਂਕ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਹੋਰ ਉਪਯੋਗਾਂ ਲਈ ਵਰਤ ਸਕਦੀ ਹੈ ਜਿਵੇਂ ਕਿ ਗੁਣਵੱਤਾ ਯਕੀਨੀ ਬਣਾਉਣਾ (ਉਦਾਹਰਨ ਲਈ ਪੁਸ਼ਟੀਕਰਨ, ਸਿਖਲਾਈ ਅਤੇ ਗੁਣਵੱਤਾ ਕੰਟਰੋਲ), ਉਤਪਾਦ ਵਿੱਚ ਸੁਧਾਰ ਅਤੇ ਖੋਜ ਜੇ ਤੁਸੀਂ ਕੋਰਡ ਬਲੱਡ ਬੈਂਕ ਨੂੰ ਖੋਜ ("ਹੋਰ ਉਪਯੋਗ) ਵਾਸਤੇ ਆਪਣੀ ਸਹਿਮਤੀ ਦਿੱਤੀ ਹੈ। ਖੋਜ ਦੇ ਵਿਕਲਪ ਬਾਰੇ ਅਗਲੇਰੀ ਜਾਣਕਾਰੀ ਕਿਰਪਾ ਕਰਕੇ ਹੇਠਾਂ ਦੇਖੋ।

**ਨਾੜੂਏ ਦੇ ਖ਼ੂਨ ਤੋਂ ਸਟੈੱਮ ਸੈੱਲਾਂ ਨੂੰ ਕਿਵੇਂ ਇਕੱਤਰ ਕੀਤਾ ਜਾਂਦਾ ਹੈ?**

ਤੁਹਾਡੇ ਬੱਚੇ ਦੇ ਪੈਦਾ ਹੋਣ ਦੇ ਬਾਅਦ, ਨਾੜੂਏ ਨੂੰ ਕਲੈਂਪ ਲਗਾਇਆ ਜਾਂਦਾ ਹੈ ਅਤੇ ਫੇਰ ਕੱਟ ਦਿੱਤਾ ਜਾਂਦਾ ਹੈ ਅਤੇ ਔਲ, ਜਾਂ "ਆਫਟਰ-ਬਰਥ", ਬਾਹਰ ਆ ਜਾਂਦੀ ਹੈ ਅਤੇ ਫੇਰ ਇਸਨੂੰ ਹਸਪਤਾਲ ਵਿਖੇ ਕੋਰਡ ਬਲੱਡ ਬੈਂਕ ਦੇ ਅਮਲੇ ਕੋਲ ਤਬਦੀਲ ਕਰ ਦਿੱਤਾ ਜਾਂਦਾ ਹੈ। ਤੁਹਾਡਾ ਡਾਕਟਰ ਜਾਂ ਦਾਈ ਸਵੈਇੱਛਾ ਨਾਲ ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਵਿੱਚ ਕੈਨੇਡੀਅਨ ਬਲੱਡ ਸਰਵਿਸਜ਼ ਦੀ ਮਦਦ ਕਰ ਰਹੇ ਹਨ ਜੋ ਕਿ ਇਕੱਤਰ ਕਰਨ ਲਈ ਤੁਹਾਡੇ ਵੱਲੋਂ ਦਿੱਤੀ ਰਜ਼ਾਮੰਦੀ ਦੇ ਆਧਾਰ 'ਤੇ ਹੈ। ਨਾੜੂਏ ਦੇ ਖ਼ੂਨ ਨੂੰ ਨਾੜੂਏ ਤੋਂ ਇਕੱਤਰ ਕਰਕੇ ਇੱਕ ਜਰਮ-ਰਹਿਤ ਥੈਲੀ ਵਿੱਚ ਪਾਇਆ ਜਾਂਦਾ ਹੈ ਅਤੇ ਕੋਰਡ ਬਲੱਡ ਬੈਂਕ ਵਿੱਚ ਸਟੋਰੇਜ ਵਾਸਤੇ ਇਸਦੀ ਯੋਗਤਾ ਦੀ ਜਾਂਚ ਕੀਤੀ ਜਾਂਦੀ ਹੈ। ਤੁਸੀਂ ਬੇਨਤੀ ਕੀਤੇ ਜਾਣ 'ਤੇ ਔਲ ਅਤੇ/ਜਾਂ ਨਾੜੂਏ ਨੂੰ ਵਾਪਸ ਕੀਤੇ ਜਾਣ ਬਾਰੇ ਕਹਿ ਸਕਦੇ ਹੋ।

**ਇਹ ਪਤਾ ਲਾਉਣਾ ਕਿ ਕੀ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਕੋਰਡ ਬਲੱਡ ਬੈਂਕ ਵਾਸਤੇ ਯੋਗਤਾ ਪੂਰੀ ਕਰਦਾ ਹੈ**

ਹਸਪਤਾਲ ਵਿਖੇ, ਕੋਰਡ ਬਲੱਡ ਬੈਂਕ ਇਹ ਨਿਰਣਾ ਕਰੇਗੀ ਕਿ ਕੀ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਯੋਗਤਾ ਪੂਰੀ ਕਰਦਾ ਹੈ।

ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਵਿੱਚ ਕਾਫੀ ਮਾਤਰਾ ਵਿੱਚ ਸਟੈੱਮ ਸੈੱਲ ਹਨ, ਤਾਂ ਨਾੜੂਏ ਦਾ ਖ਼ੂਨ ਕੋਰਡ ਬਲੱਡ ਬੈਂਕ ਵਾਸਤੇ ਯੋਗਤਾ ਪੂਰੀ ਕਰਦਾ ਹੈ। ਨਾੜੂਏ ਦੇ ਖ਼ੂਨ ਨੂੰ ਅਗਲੇਰੇ ਮੁਲਾਂਕਣ ਵਾਸਤੇ ਕੋਰਡ ਬਲੱਡ ਬੈਂਕ ਦੀ ਨਿਰਮਾਣ ਸੁਵਿਧਾ ਵਿਖੇ ਤਬਦੀਲ ਕੀਤਾ ਜਾਵੇਗਾ। ਤੁਹਾਡੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ, ਕੋਰਡ ਬਲੱਡ ਬੈਂਕ ਦੇ ਅਮਲੇ ਦਾ ਕੋਈ ਮੈਂਬਰ ਭਵਿੱਖ ਵਿੱਚ ਪ੍ਰਤੀਰੋਪਣ ਲਈ ਵਰਤੇ ਜਾਣ ਵਾਸਤੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਸਟੋਰ ਕਰਨ ਲਈ ਤੁਹਾਡੀ ਸਹਿਮਤੀ ਬਾਰੇ ਤੁਹਾਡੇ ਨਾਲ ਗੱਲ ਕਰੇਗਾ। ਇਸ ਵਿੱਚ ਤੁਹਾਡੇ ਡਾਕਟਰੀ ਇਤਿਹਾਸ ਅਤੇ ਆਮ ਸਿਹਤ ਬਾਰੇ ਸਵਾਲ ਪੁੱਛਣਾ ਸ਼ਾਮਲ ਹੈ। ਤੁਹਾਨੂੰ ਇੱਕ ਖ਼ੂਨ ਦਾ ਨਮੂਨਾ ਪ੍ਰਦਾਨ ਕਰਾਉਣ ਲਈ ਕਿਹਾ ਜਾਵੇਗਾ ਜਿਸਨੂੰ HIV, ਹੈਪਾਟਾਈਟਸ ਅਤੇ ਹੋਰ ਛੂਤਕਾਰੀ ਬਿਮਾਰੀਆਂ ਵਾਸਤੇ ਟੈਸਟ ਕੀਤਾ ਜਾਵੇਗਾ ਜੋ ਇੱਕ ਵਿਅਕਤੀ ਤੋਂ ਦੂਜੇ ਤੱਕ ਫੈਲ ਸਕਦੀਆਂ ਹਨ। ਜੇ ਤੁਹਾਨੂੰ ਪ੍ਰਸੂਤੀ ਪੀੜਾਂ ਦੌਰਾਨ ਨਸ ਰਾਹੀਂ (IV – Intravenous) ਤਰਲ-ਪਦਾਰਥ ਚੜ੍ਹਾਏ ਜਾਣ ਦੀ ਲੋੜ ਪੈਂਦੀ ਹੈ, ਤਾਂ ਅਸੀਂ ਉਸ ਸਮੇਂ ਖ਼ੂਨ ਦਾ ਇੱਕ ਨਮੂਨਾ ਪ੍ਰਦਾਨ ਕਰਾਉਣ ਲਈ ਕਹਿ ਸਕਦੇ ਹਾਂ।

Canadian Blood Services BLOOD PLASMA STEM CELLS ORGANS & TISSUES

# ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਵਾਸਤੇ ਇਜਾਜ਼ਤ

**Maternal Hospital ID Label**

ਜੇ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਯੋਗਤਾ ਪੂਰੀ ਨਹੀਂ ਕਰਦਾ, ਤਾਂ ਇਸ ਗੱਲ 'ਤੇ ਨਿਰਭਰ ਕਰਨ ਅਨੁਸਾਰ ਕਿ ਤੁਸੀਂ ਬੱਚੇ ਨੂੰ ਕਿੱਥੇ ਜਨਮ ਦਿੰਦੇ ਹੋ, ਇਸਨੂੰ

- ਖਾਰਜ ਕੀਤਾ ਜਾ ਸਕਦਾ ਹੈ,
- ਹੋਰ ਉਪਯੋਗਾਂ ਵਾਸਤੇ ਵਰਤੇ ਜਾਣ ਲਈ ਕੋਰਡ ਬਲੱਡ ਬੈਂਕ ਦੀ ਨਿਰਮਾਣ ਸੁਵਿਧਾ ਵਿਖੇ ਤਬਦੀਲ ਕੀਤਾ ਜਾ ਸਕਦਾ ਹੈ, ਜਾਂ
- ਹਸਪਤਾਲ ਦੀਆਂ ਮਾਨਤਾ ਪ੍ਰਾਪਤ ਨੀਤੀਆਂ ਅਨੁਸਾਰ ਵਿਵਹਾਰ ਕੀਤੇ ਜਾਣ ਲਈ (ਉਦਾਹਰਨ ਲਈ ਖੋਜ ਵਾਸਤੇ) ਤੁਹਾਡੇ ਹਸਪਤਾਲ ਨੂੰ ਵਾਪਸ ਕੀਤਾ ਜਾ ਸਕਦਾ ਹੈ। ਤੁਹਾਡਾ ਹਸਪਤਾਲ ਵਾਪਸ ਕੀਤੇ ਨਾੜੂਏ ਦੇ ਖ਼ੂਨ ਦਾ ਰੱਖ-ਰਖਾਅ ਕਿਵੇਂ ਕਰੇਗਾ, ਇਸ ਬਾਰੇ ਸਵਾਲ ਹਸਪਤਾਲ ਦੇ ਕਿਸੇ ਪ੍ਰਤੀਨਿਧੀ ਨੂੰ ਪੁੱਛੇ ਜਾਣੇ ਚਾਹੀਦੇ ਹਨ।

**ਸਟੋਰੇਜ ਅਤੇ ਪ੍ਰਤੀਰੋਪਣ**

ਇੱਕ ਵਾਰ ਜਦ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਸਾਡੀ ਨਿਰਮਾਣ ਸੁਵਿਧਾ ਵਿਖੇ ਪਹੁੰਚ ਜਾਂਦਾ ਹੈ, ਤਾਂ ਅਸੀਂ ਟੈਸਟ ਕਰਨਾ ਅਤੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਸਟੋਰੇਜ ਵਾਸਤੇ ਤਿਆਰ ਕਰਨਾ ਸ਼ੁਰੂ ਕਰਾਂਗੇ। ਇਹਨਾਂ ਟੈਸਟਾਂ ਦੇ ਨਤੀਜੇ ਸਾਨੂੰ ਇਹ ਨਿਰਣਾ ਕਰਨ ਵਿੱਚ ਮਦਦ ਕਰਨਗੇ ਕਿ ਕੀ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਭਵਿੱਖ ਵਿੱਚ ਪ੍ਰਤੀਰੋਪਣ ਵਰਤੋਂ ਵਾਸਤੇ ਸਟੋਰ ਕੀਤਾ ਜਾ ਸਕਦਾ ਹੈ।

ਜੇ ਕਿਸੇ ਵੀ ਸਮੇਂ, ਅਸੀਂ ਇਹ ਨਿਰਣਾ ਕਰਦੇ ਹਾਂ ਕਿ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਸਟੋਰ ਨਹੀਂ ਕੀਤਾ ਜਾ ਸਕਦਾ, ਤਾਂ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਅਤੇ ਖ਼ੂਨ ਦੇ ਕਿਸੇ ਵੀ ਨਮੂਨਿਆਂ ਨੂੰ ਖਾਰਜ ਕੀਤਾ ਜਾ ਸਕਦਾ ਹੈ। ਨਾੜੂਏ ਦੇ ਖ਼ੂਨ ਦੇ ਕੁਝ ਯੂਨਿਟਾਂ ਦੀ ਹੋਰ ਉਪਯੋਗਾਂ ਵਾਸਤੇ ਵਰਤੋਂ ਕੀਤੀ ਜਾ ਸਕਦੀ ਹੈ।

**ਖੋਜ ਵਿਕਲਪ**

ਜੇ ਕਿਸੇ ਵੀ ਸਮੇਂ, ਕੋਰਡ ਬਲੱਡ ਬੈਂਕ ਇਹ ਨਿਰਣਾ ਕਰਦਾ ਹੈ ਕਿ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਭਵਿੱਖ ਵਿੱਚ ਪ੍ਰਤੀਰੋਪਣ ਵਰਤੋਂ ਵਾਸਤੇ ਸਟੋਰ ਨਹੀਂ ਕੀਤਾ ਜਾ ਸਕਦਾ, ਤਾਂ ਇਹਨਾਂ ਨੂੰ ਫੇਰ ਵੀ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਸਟੋਰੇਜ ਵਾਸਤੇ ਤਿਆਰ ਕਰਨ ਦੀ ਪ੍ਰਕਿਰਿਆ ਦੌਰਾਨ, ਸਹਿ-ਉਤਪਾਦਾਂ (ਜਿਵੇਂ ਕਿ ਲਹੂ ਦੇ ਲਾਲ ਸੈੱਲ) ਨੂੰ ਨਾੜੂਏ ਦੇ ਖ਼ੂਨ ਵਿੱਚੋਂ ਕੱਢ ਲਿਆ ਜਾਂਦਾ ਹੈ ਅਤੇ ਖਾਰਜ ਕੀਤੇ ਜਾਣ ਦੀ ਬਜਾਏ ਇਹਨਾਂ ਨੂੰ ਖੋਜ ਵਾਸਤੇ ਵਰਤਿਆ ਜਾ ਸਕਦਾ ਹੈ। 'ਰਿਸਰਚ ਔਪਟ-ਇਨ' ਯਾਨੀ 'ਖੋਜ ਵਾਸਤੇ ਸਹਿਮਤੀ ਦਿਓ' ਬਕਸੇ ਵਿੱਚ ਸਹੀ ਦਾ ਨਿਸ਼ਾਨ ਲਗਾਓ ਤਾਂ ਜੋ ਕੋਰਡ ਬਲੱਡ ਬੈਂਕ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਅਤੇ ਸਹਿ-ਉਤਪਾਦਾਂ ਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਵਾਸਤੇ ਵਰਤ ਸਕੇ ਜਾਂ ਹੋਰਨਾਂ ਨੂੰ ਦੇ ਸਕੇ। ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਅਤੇ ਨਾੜੂਏ ਦੇ ਖ਼ੂਨ ਉੱਤੇ ਕੀਤੀ ਜਾ ਸਕਦੀ ਖੋਜ ਦੀਆਂ ਉਦਾਹਰਨਾਂ ਬਾਰੇ ਹੋਰ ਜਾਣਕਾਰੀ ਵਾਸਤੇ, www.blood.ca/cordblood ਉੱਤੇ ਜੀਵ-ਡਾਕਟਰੀ ਖੋਜ ਬਾਰੇ ਕੈਨੇਡੀਅਨ ਬਲੱਡ ਸਰਵਿਸਜ਼ ਦੇ ਜਾਣਕਾਰੀ ਕਿਤਾਬਚੇ ਨੂੰ ਦੇਖੋ।

ਤੁਹਾਨੂੰ ਕੋਰਡ ਬਲੱਡ ਬੈਂਕ ਨਾਲ ਸੰਬੰਧ ਨਾ ਰੱਖਦੇ ਕਿਸੇ ਹਸਪਤਾਲ ਖੋਜਕਾਰ ਵੱਲੋਂ ਕਿਸੇ ਖੋਜ ਵਿੱਚ ਭਾਗ ਲੈਣ ਲਈ ਕਿਹਾ ਜਾ ਸਕਦਾ ਹੈ, ਚਾਹੇ ਤੁਸੀਂ ਹੇਠਾਂ 'ਰਿਸਰਚ ਔਪਟ-ਇਨ' ਬਕਸੇ ਵਿੱਚ ਸਹੀ ਦਾ ਨਿਸ਼ਾਨ ਲਗਾਉਂਦੇ ਹੋ ਜਾਂ ਨਹੀਂ।

**ਲਾਗਤਾਂ ਅਤੇ ਭੁਗਤਾਨ-ਵਾਪਸੀਆਂ**

ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਦੀ ਕੋਈ ਲਾਗਤ ਨਹੀਂ ਆਉਂਦੀ। ਨਾੜੂਏ ਦੇ ਖ਼ੂਨ ਦੇ ਦਾਨ ਦੇ ਕਿਸੇ ਵੀ ਪੱਖ ਵਾਸਤੇ ਤੁਹਾਨੂੰ ਕੋਈ ਵੀ ਭੁਗਤਾਨ-ਵਾਪਸੀ ਨਹੀਂ ਕੀਤੀ ਜਾਂਦੀ।

**ਸੰਭਾਵਿਤ ਫਾਇਦੇ**

ਤੁਹਾਡੇ ਵੱਲੋਂ ਕੀਤਾ ਦਾਨ ਕਿਸੇ ਘਾਤਕ ਬਿਮਾਰੀ ਵਾਲੇ ਮਰੀਜ਼ ਨੂੰ ਸਿਹਤਮੰਦ ਜੀਵਨ ਦਾ ਮੌਕਾ ਦੇ ਸਕਦਾ ਹੈ।

Canadian Blood Services BLOOD PLASMA STEM CELLS ORGANS & TISSUES

| Maternal Hospital ID Label |
|---|

# ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ ਵਾਸਤੇ ਇਜਾਜ਼ਤ

**ਸੰਭਾਵਿਤ ਖਤਰੇ ਅਤੇ ਬੇਆਰਾਮੀਆਂ**

ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਨਾਲ ਕੋਈ ਜ਼ਿਕਰਯੋਗ ਖਤਰੇ ਨਹੀਂ ਜੁੜੇ ਹੋਏ। ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨਾ ਬੱਚੇ ਦੀ ਪੈਦਾਇਸ਼ ਜਾਂ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਦੇਖਭਾਲ ਨੂੰ ਪ੍ਰਭਾਵਿਤ ਨਹੀਂ ਕਰੇਗਾ। ਨਾੜੂਏ ਦੇ ਖ਼ੂਨ ਨੂੰ ਤੁਹਾਡੇ ਬੱਚੇ ਦੇ ਜਨਮ ਦੇ ਬਾਅਦ ਨਾੜੂਏ ਤੋਂ ਲਿਆ ਜਾਂਦਾ ਹੈ। ਜੇ ਟੈਸਟ ਕਰਨ ਵਾਸਤੇ ਤੁਹਾਡੇ ਕੋਲੋਂ ਖ਼ੂਨ ਦੇ ਨਮੂਨੇ ਲਏ ਜਾਂਦੇ ਹਨ, ਤਾਂ ਲਏ ਗਏ ਖ਼ੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ (ਲਗਭਗ ਤਿੰਨ ਵੱਡੇ ਚਮਚ) ਅਤੇ ਇਸ ਨਾਲ ਤੁਹਾਡੀ ਸਿਹਤ 'ਤੇ ਕੋਈ ਅਸਰ ਨਹੀਂ ਪਵੇਗਾ। ਉਸ ਜਗਹ 'ਤੇ ਹਲਕਾ ਦਰਦ ਅਤੇ ਨੀਲ ਪੈਣ ਦਾ ਛੋਟਾ ਜਿਹਾ ਜੋਖਮ ਹੁੰਦਾ ਹੈ ਜਿੱਥੋਂ ਖ਼ੂਨ ਦਾ ਨਮੂਨਾ ਲਿਆ ਜਾਂਦਾ ਹੈ, ਸਿਰ ਹਲਕਾ-ਹਲਕਾ ਲੱਗ ਸਕਦਾ ਹੈ, ਸੰਭਾਵੀ ਤੌਰ 'ਤੇ ਬੇਹੋਸ਼ੀ ਹੋ ਸਕਦੀ ਹੈ ਅਤੇ, ਬਹੁਤ ਦੁਰਲੱਭ ਕੇਸਾਂ ਵਿੱਚ, ਲਾਗ ਲੱਗ ਸਕਦੀ ਹੈ।

**ਨਿੱਜੀ ਜਾਣਕਾਰੀ**

ਤੁਸੀਂ ਕੋਰਡ ਬਲੱਡ ਬੈਂਕ ਦੇ ਅਮਲੇ ਨੂੰ ਇਹ ਦੇਖਣ ਲਈ ਆਪਣੇ ਅਤੇ ਆਪਣੇ ਬੱਚੇ ਦੇ ਡਾਕਟਰੀ ਰਿਕਾਰਡਾਂ ਦੀ ਸਮੀਖਿਆ ਕਰਨ ਦੀ ਇਜਾਜ਼ਤ ਦਿੰਦੇ ਹੋ ਕਿ ਕੀ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲ ਸਟੋਰੇਜ ਵਾਸਤੇ ਯੋਗ ਹੋ ਸਕਦੇ ਹਨ। ਇਸ ਸਮੀਖਿਆ ਦਾ ਮਕਸਦ ਇਹ ਪਛਾਣ ਕਰਨਾ ਹੈ ਕਿ ਕੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਬਿਮਾਰੀਆਂ ਜਾਂ ਡਾਕਟਰੀ ਅਵਸਥਾਵਾਂ ਤਾਂ ਨਹੀਂ ਹਨ ਜੋ ਕਿਸੇ ਉਸ ਮਰੀਜ਼ ਨੂੰ ਦਿੱਤੀਆਂ ਜਾ ਸਕਦੀਆਂ ਹਨ ਜੋ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਪ੍ਰਾਪਤ ਕਰ ਸਕਦਾ ਹੈ। ਨਿੱਜੀ ਜਾਣਕਾਰੀ ਇਕੱਤਰ ਕੀਤੇ ਜਾਣ, ਵਰਤਣ ਅਤੇ ਇਸਦੇ ਖੁਲਾਸੇ ਬਾਰੇ ਜਾਣਕਾਰੀ ਸਾਡੇ ਪਰਦੇਦਾਰੀ ਨੋਟਿਸ ਵਿੱਚ ਉਪਲਬਧ ਹੈ।

**ਮੈਂ ਵਧੇਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਦੀ ਹਾਂ?**

ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਬਾਰੇ ਵਧੇਰੇ ਜਾਣਕਾਰੀ ਵਾਸਤੇ:

- Www.blood.ca/cordblood 'ਤੇ ਸਾਡੀ ਵੈੱਬਸਾਈਟ ਦੇਖੋ
- 1 888 2 DONATE (1-888-236-6283) ਨੂੰ ਕਾਲ ਕਰੋ
- ਈਮੇਲ ਕਰੋ: cordblood@blood.ca

ਜੇ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਬਾਰੇ ਤੁਹਾਡੇ ਕੋਈ ਸਵਾਲ ਜਾਂ ਸ਼ੰਕੇ ਹਨ ਤਾਂ ਆਪਣੇ ਸਿਹਤ-ਸੰਭਾਲ ਪ੍ਰਦਾਨਕ ਨਾਲ ਗੱਲ ਕਰੋ।

**ਕੋਰਡ ਬਲੱਡ ਬੈਂਕ ਤੋਂ ਨਾਮ ਵਾਪਸ ਲੈਣਾ**

ਕੋਰਡ ਬਲੱਡ ਬੈਂਕ ਵਿੱਚ ਤੁਹਾਡੀ ਭਾਗੀਦਾਰੀ ਸਵੈਇੱਛਤ ਹੈ। ਤੁਸੀਂ 1 888 2 DONATE (1-888-236-6283) 'ਤੇ ਕਾਲ ਕਰਕੇ ਕਿਸੇ ਵੀ ਸਮੇਂ ਨਾਮ ਵਾਪਸ ਲੈ ਸਕਦੇ ਹੋ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਤੋਂ ਲਏ ਸਟੈੱਮ ਸੈੱਲਾਂ ਨੂੰ ਪਹਿਲਾਂ ਹੀ ਪ੍ਰਤੀਰੋਪਣ ਜਾਂ ਹੋਰ ਉਪਯੋਗਾਂ ਵਾਸਤੇ ਨਹੀਂ ਵਰਤ ਲਿਆ ਗਿਆ, ਤਾਂ ਇਹਨਾਂ ਨੂੰ ਖਾਰਜ ਕਰ ਦਿੱਤਾ ਜਾਵੇਗਾ। ਤੁਹਾਡੇ ਦੁਆਰਾ ਨਾਮ ਵਾਪਸ ਲੈਣ ਦੀ ਤਾਰੀਖ਼ ਤੱਕ ਕੈਨੇਡੀਅਨ ਬਲੱਡ ਸਰਵਿਸਜ਼ ਵੱਲੋਂ ਇਕੱਤਰ ਕੀਤੀ ਨਿੱਜੀ ਜਾਣਕਾਰੀ ਕੋਰਡ ਬਲੱਡ ਬੈਂਕ ਦੇ ਅੰਦਰ ਰਹੇਗੀ ਪਰ ਤੁਹਾਡੇ ਜਾਂ ਤੁਹਾਡੇ ਬੱਚੇ ਬਾਰੇ ਕੋਈ ਵੀ ਹੋਰ ਜਾਣਕਾਰੀ ਇਕੱਤਰ ਨਹੀਂ ਕੀਤੀ ਜਾਵੇਗੀ, ਵਰਤੀ ਨਹੀਂ ਜਾਵੇਗੀ ਜਾਂ ਇਸ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਜੇ ਜ਼ਰੂਰੀ ਹੋਇਆ, ਤਾਂ ਸੁਰੱਖਿਆ ਦੇ ਕਾਰਨਾਂ ਵਾਸਤੇ ਤੁਹਾਡੇ ਨਾਲ ਸੰਪਰਕ ਕਰਨ ਲਈ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਾਂਗੇ।

Canadian Blood Services

BLOOD PLASMA STEM CELLS ORGANS & TISSUES

# ਨਾੜੂਏ ਦੇ ਖੂਨ ਨੂੰ ਇਕੱਤਰ ਕਰਨ ਵਾਸਤੇ ਇਜਾਜ਼ਤ

**Maternal Hospital ID Label**

<u>**ਨਸਲੀ ਪਿਛੋਕੜ:**</u> ਇਹ ਜਾਣਕਾਰੀ ਕਿਸੇ ਸੰਭਾਵੀ ਦਾਨੀ ਅਤੇ ਸਟੈੱਮ ਸੈੱਲ ਪ੍ਰਤੀਰੋਪਣ ਦੇ ਕਿਸੇ ਲੋੜਵੰਦ ਮਰੀਜ਼ ਦਾ ਮੇਲ ਕਰਾਉਣ ਵਿੱਚ ਮਦਦ ਕਰਦੀ ਹੈ। ਕਿਰਪਾ ਕਰਕੇ ਹੇਠਾਂ ਦਿੱਤੇ ਚਾਰਟ ਉੱਤੇ ਉਸ ਵਿਰਾਸਤ ਦੀ ਚੋਣ ਕਰੋ ਜਿਸ ਨਾਲ ਤੁਸੀਂ ਅਤੇ ਬੱਚੇ ਦਾ ਬਾਪ ਸਭ ਤੋਂ ਵੱਧ ਸੰਬੰਧਿਤ ਹੋ।

**ਕਿਰਪਾ ਕਰਕੇ ਆਪਣੇ ਵਾਸਤੇ ਕੇਵਲ ਇੱਕ ਨਸਲੀ ਮੂਲ ਦੀ ਚੋਣ ਕਰੋ ਅਤੇ ਇੱਕ ਦੀ ਹੀ ਚੋਣ ਬੱਚੇ ਦੇ ਪਿਤਾ ਵਾਸਤੇ ਕਰੋ।**

| | ਅਰਬ | ਏਸ਼ੀਆਈ-ਕੇਂਦਰੀ | ਏਸ਼ੀਆਈ-ਉੱਤਰੀ | ਏਸ਼ੀਆਈ-ਉੱਤਰਪੂਰਬੀ | ਏਸ਼ੀਆਈ-ਦੱਖਣੀ | ਏਸ਼ੀਆਈ-ਦੱਖਣਪੂਰਬੀ | ਕਾਲੇ ਅਫਰੀਕਨ | ਕਾਲੇ ਕੈਰੀਬੀਅਨ | ਕੋਈ ਹੋਰ ਕਾਲੇ | ਕਾਕੇਸ਼ੀਅਨ | ਚੀਨੀ | ਫਿਲੀਪੀਨੋ | ਫਸਟ ਨੇਸ਼ਨਜ਼ | ਹਿਸਪੈਨਿਕ | ਇਨੂਇਟ | ਯਹੂਦੀ-ਅਸ਼ਕੇਨਾਜ਼ੀ | ਯਹੂਦੀ-ਸੈਫਾਰਡਿਕ | ਮੇਟਿਸ | ਪੈਸੀਫਿਕ ਆਈਲੈਂਡਰ | ਬਹੁ-ਨਸਲੀ | ਅਗਿਆਤ | ਜਵਾਬ ਦੇਣ ਤੋਂ ਤਰਜੀਹ ਨਹੀਂ ਦਿੰਦੇ |
|---|---|---|---|---|---|---|---|---|---|---|---|---|---|---|---|---|---|---|---|---|---|---|
| ਮਾਂ | | | | | | | | | | | | | | | | | | | | | | |
| ਪਿਤਾ | | | | | | | | | | | | | | | | | | | | | | |

**ਇਕੱਤਰ ਕਰਨ ਦੀ ਇਜਾਜ਼ਤ**

ਮੈਂ ਨਾੜੂਏ ਦੇ ਖੂਨ ਨੂੰ ਦਾਨ ਕਰਨ ਬਾਰੇ ਜਾਣਕਾਰੀ ਨੂੰ ਪੜ੍ਹ ਅਤੇ ਸਮਝ ਲਿਆ ਹੈ। ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ ਅਤੇ ਮੈਂ ਆਪਣੇ ਸਵਾਲਾਂ ਦੇ ਜਵਾਬਾਂ ਤੋਂ ਸੰਤੁਸ਼ਟ ਹਾਂ। ਮੇਰੇ ਬੱਚੇ ਦੇ ਨਾੜੂਏ ਦੇ ਖੂਨ ਦੇ ਦਾਨ ਨਾਲ ਸੰਬੰਧਿਤ ਕਿਸੇ ਵੀ ਸਵਾਲਾਂ ਜਾਂ ਸ਼ੰਕਿਆਂ ਵਾਸਤੇ, ਮੈਨੂੰ ਕਿਸੇ ਨਿਰਪੱਖ ਸਿਹਤ-ਸੰਭਾਲ ਪ੍ਰਦਾਨਕ (ਉਦਾਹਰਨ ਲਈ ਮੇਰੇ ਡਾਕਟਰ ਜਾਂ ਦਾਈ) ਤੱਕ ਪਹੁੰਚ ਪ੍ਰਾਪਤ ਸੀ।

ਇਸ ਫ਼ਾਰਮ ’ਤੇ ਦਸਤਖਤ ਕਰਕੇ, ਮੈਂ ਸਵੈਇੱਛਾ ਨਾਲ ਮੇਰੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਇਸ ਫ਼ਾਰਮ ਵਿੱਚ ਵਰਣਨ ਕੀਤੇ ਮਕਸਦਾਂ ਵਾਸਤੇ ਜਨਮ ਤੋਂ ਬਾਅਦ ਇਕੱਤਰ ਕਰ ਲਏ ਜਾਣ; ਮੇਰੇ ਕੋਲੋਂ ਇੱਕ ਖੂਨ ਦਾ ਨਮੂਨਾ ਲਏ ਜਾਣ; ਅਮਲੇ ਨੂੰ ਮੇਰੇ ਅਤੇ ਮੇਰੇ ਬੱਚੇ ਦੇ ਡਾਕਟਰੀ ਰਿਕਾਰਡ ਦੀ ਸਮੀਖਿਆ ਕਰਨ ਦੀ ਇਜਾਜ਼ਤ ਦੇਣ; ਪਰਦੇਦਾਰੀ ਨੋਟਿਸ ਵਿੱਚ ਵਰਣਨ ਕੀਤੇ ਅਨੁਸਾਰ ਮੇਰੀ ਅਤੇ ਮੇਰੇ ਬੱਚੇ ਦੀ ਨਿੱਜੀ ਜਾਣਕਾਰੀ ਇਕੱਤਰ ਕਰਨ, ਵਰਤਣ ਅਤੇ ਇਸਦਾ ਖੁਲਾਸਾ ਕਰਨ ਵਾਸਤੇ ਆਪਣੀ ਸਹਿਮਤੀ ਦਿੰਦੀ ਹਾਂ। ਮੈਂ ਸਮਝਦੀ ਹਾਂ ਕਿ ਮੈਂ ਆਪਣੀ ਸਹਿਮਤੀ ਕਿਵੇਂ ਵਾਪਸ ਲੈ ਸਕਦੀ ਹਾਂ।

ਮੈਂ ਸਮਝਦੀ ਹਾਂ ਕਿ ਮੈਨੂੰ ਕੋਰਡ ਬਲੱਡ ਬੈਂਕ ਨਾਲ ਸੰਬੰਧ ਨਾ ਰੱਖਦੇ ਕਿਸੇ ਹਸਪਤਾਲ ਖੋਜਕਾਰ ਵੱਲੋਂ ਕਿਸੇ ਖੋਜ ਵਿੱਚ ਭਾਗ ਲੈਣ ਲਈ ਕਿਹਾ ਜਾ ਸਕਦਾ ਹੈ, ਚਾਹੇ ਮੈਂ ਹੇਠਾਂ ‘ਰਿਸਰਚ ਔਪਟ-ਇਨ’ ਬਕਸੇ ਵਿੱਚ ਸਹੀ ਦਾ ਨਿਸ਼ਾਨ ਲਗਾਉਂਦੀ ਹਾਂ ਜਾਂ ਨਹੀਂ।

<u>ਹੇਠਾਂ ਦਿੱਤੇ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਕੇ</u>, ਮੈਂ ਸਵੈਇੱਛਾ ਨਾਲ ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਮੇਰੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਵਰਤਣ ਜਾਂ ਵੰਡਣ ਦੀ ਇਜਾਜ਼ਤ ਦਿੰਦੀ ਹਾਂ, ਜੇ ਇਹ ਸਟੋਰੇਜ ਵਾਸਤੇ ਯੋਗ ਨਹੀਂ ਹੈ, ਅਤੇ ਸਹਿ-ਉਤਪਾਦਾਂ ਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਦੇ ਮਕਸਦਾਂ ਵਾਸਤੇ ਖੋਜਕਾਰਾਂ ਨੂੰ ਦਿੱਤੇ ਜਾਣ ਨਾਲ ਸਹਿਮਤ ਹਾਂ। ਮੈਂ ਕੈਨੇਡੀਅਨ ਬਲੱਡ ਸਰਵਿਸਜ਼ ਦੇ ਜੀਵ-ਡਾਕਟਰੀ ਖੋਜ ਬਾਰੇ ਕਿਤਾਬਚੇ ਨੂੰ ਪੜ੍ਹ ਲਿਆ ਹੈ ਅਤੇ ਮੈਨੂੰ ਸਵਾਲ ਪੁੱਛਣ ਦਾ ਮੌਕਾ ਮਿਲਿਆ ਹੈ। ਮੈਂ ਸਮਝਦੀ ਹਾਂ ਕਿ ਜੇ ਨਾੜੂਏ ਦੇ ਖੂਨ ਦੇ ਯੂਨਿਟ ਨੂੰ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾਂਦਾ ਹੈ ਤਾਂ ਕੈਨੇਡੀਅਨ ਬਲੱਡ ਸਰਵਿਸਜ਼ ਮੈਨੂੰ ਸੂਚਿਤ ਨਹੀਂ ਕਰੇਗੀ ਅਤੇ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਮੇਰੇ ਬੱਚੇ ਦੇ ਦਾਨ ਕੀਤੇ ਨਾੜੂਏ ਦੇ ਖੂਨ ਦੀ ਵਰਤੋਂ ਕਰਕੇ ਕੀਤੀ ਕਿਸੇ ਵੀ ਖੋਜ ਦੇ ਨਤੀਜੇ ਮੈਨੂੰ ਨਹੀਂ ਮਿਲਣਗੇ। ਮੈਂ ਸਮਝਦੀ ਹਾਂ ਕਿ ਖੋਜ ਦੇ ਨਤੀਜੇ ਕੈਨੇਡੀਅਨ ਬਲੱਡ ਸਰਵਿਸਜ਼ ਦੀ ਵੈੱਬਸਾਈਟ ’ਤੇ ਪੋਸਟ ਕੀਤੇ ਜਾਣਗੇ।

☐ ***ਖੋਜ ਵਿੱਚ ਭਾਗ ਲੈਣ ਲਈ ਸਹਿਮਤੀ*** *(ਜੇ ਤੁਸੀਂ ਖੋਜ ਦੇ ਵਿਕਲਪ ਨਾਲ ਸਹਿਮਤ ਹੋ ਤਾਂ ਖਾਨੇ ਵਿੱਚ ਸਹੀ ਦਾ ਨਿਸ਼ਾਨ ਲਗਾਓ)*

____________________ (ਮਾਂ ਦਾ ਸਾਫ਼-ਸਾਫ਼ ਲਿਖਿਆ ਨਾਮ) ____________________ (ਮਾਂ ਦੇ ਦਸਤਖਤ) ____________________ (ਫ਼ਾਰਮ ’ਤੇ ਦਸਤਖਤ ਕਰਨ ਦੀ ਤਾਰੀਖ਼)

____________________ (ਮਾਂ ਦਾ ਪੋਸਟਲ ਕੋਡ) ____________________ (ਮਾਂ ਦਾ ਟੈਲੀਫ਼ੋਨ ਨੰਬਰ) ____________________ (ਈਮੇਲ, ਵਿਕਲਪਕ)

| **For CBB Use Only:** | |
|---|---|
| **Change of Information:** | ☐ Name ☐ Address ☐ Postal Code ☐ Phone Number |
| Verification of information discrepancy from maternal hospital unique ID label to documented information by mother: | |

CBU Unique ID Number

# ਪਰਦੇਦਾਰੀ ਨੋਟਿਸ

Canadian Blood Services
BLOOD PLASMA STEM CELLS ORGANS & TISSUES

**ਖੂਨ ਦਾਨੀਆਂ, ਸਟੈੱਮ ਸੈੱਲ ਰਜਿਸਟਰੀ ਦੇ ਭਾਗੀਦਾਰਾਂ ਲਈ ਅਤੇ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ਵਾਸਤੇ**

ਕੈਨੇਡੀਅਨ ਬਲੱਡ ਸਰਵਿਸਜ਼ ਵਿਖੇ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਲਈ ਦ੍ਰਿੜ ਸੰਕਲਪ ਹਾਂ। ਇਹ ਨੋਟਿਸ ਇਹ ਵਰਣਨ ਕਰਦਾ ਹੈ ਕਿ ਅਸੀਂ ਖੂਨ (ਉਦਾਹਰਨ ਲਈ, ਸਾਬਤ ਖੂਨ, ਪਲਾਜ਼ਮਾ, ਪਲੇਟਲੈੱਟ) ਦਾਨੀਆਂ ਅਤੇ ਸੰਭਾਵੀ ਦਾਨੀਆਂ, ਕੈਨੇਡੀਅਨ ਬਲੱਡ ਸਰਵਿਸਜ਼ ਦੀ ਸਟੈੱਮ ਸੈੱਲ ਰਜਿਸਟਰੀ ("ਸਟੈੱਮ ਸੈੱਲ ਰਜਿਸਟਰੀ") ਅਤੇ ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਵਿਚਲੇ ਭਾਗੀਦਾਰਾਂ ਤੋਂ ਕਿਸ ਤਰ੍ਹਾਂ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ, ਵਰਤਦੇ ਹਾਂ ਅਤੇ ਇਸਦਾ ਖੁਲਾਸਾ ਕਰਦੇ ਹਾਂ। ਜੇ ਤੁਸੀਂ ਨਾੜੂਏ ਦੇ ਖੂਨ ਦੇ ਦਾਨੀ (cord blood donor) ਹੋ, ਤਾਂ ਹੇਠ ਲਿਖੇ ਵਿੱਚ ਤੁਹਾਡੇ ਬੱਚੇ ਦੀ ਨਿੱਜੀ ਜਾਣਕਾਰੀ ਸ਼ਾਮਲ ਹੈ, ਜਿਵੇਂ ਵੀ ਲਾਗੂ ਹੁੰਦਾ ਹੈ।

**ਅਸੀਂ ਕਿਹੜੀ ਨਿੱਜੀ ਜਾਣਕਾਰੀ ਇਕੱਤਰ ਕਰਦੇ ਹਾਂ**
ਕੈਨੇਡੀਅਨ ਬਲੱਡ ਸਰਵਿਸਜ਼ ਹੇਠ ਲਿਖੀ ਨਿੱਜੀ ਜਾਣਕਾਰੀ ਇਕੱਤਰ ਕਰ ਸਕਦੀ ਹੈ:

- ਸੰਪਰਕ ਅਤੇ ਜਨਅੰਕੜਿਆਂ ਬਾਰੇ ਜਾਣਕਾਰੀ, ਜਿਸ ਵਿੱਚ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਬਾਰੇ ਸੰਪਰਕ ਜਾਣਕਾਰੀ ਵੀ ਸ਼ਾਮਲ ਹੈ, ਜਿਵੇਂ ਵੀ ਲਾਗੂ ਹੁੰਦਾ ਹੈ;
- ਸਮਾਜਕ ਅਤੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ;
- ਦਾਨ ਤੋਂ ਬਾਅਦ ਵਾਲੀ ਜਾਣਕਾਰੀ ਅਤੇ ਤੁਹਾਡੇ ਦਾਨ ਦਾ ਇਤਿਹਾਸ, ਜਿਸ ਵਿੱਚ ਦਾਨ ਕਰਨ ਦੀ ਤੁਹਾਡੀ ਅਯੋਗਤਾ ਨਾਲ ਸੰਬੰਧਿਤ ਜਾਣਕਾਰੀ ਵੀ ਸ਼ਾਮਲ ਹੈ, ਜੇ ਲਾਗੂ ਹੁੰਦਾ ਹੈ;
- ਤੁਹਾਡੇ ਖੂਨ, ਨਾੜੂਏ ਦੇ ਖੂਨ ਜਾਂ ਮੂੰਹ ਤੋਂ ਲਏ ਨਮੂਨਿਆਂ (buccal swabs) ਦੇ ਟੈਸਟ ਨਤੀਜੇ, ਜਿਵੇਂ ਵੀ ਲਾਗੂ ਹੁੰਦਾ ਹੈ। ਇਹਨਾਂ ਟੈਸਟ ਦੇ ਨਤੀਜਿਆਂ ਵਿੱਚ ਬਲੱਡ ਗਰੁੱਪਾਂ ਵਾਸਤੇ ਟੈਸਟ ਵੀ ਸ਼ਾਮਲ ਹੋ ਸਕਦੇ ਹਨ, ਜਿਸ ਵਿੱਚ ਹਿਊਮਨ ਲਿਊਕੋਸਾਈਟ ਐਂਟੀਜੈੱਨ (HLA) ਟਾਈਪਿੰਗ, ਅਤੇ ਸੰਕਰਮਣਯੋਗ ਲਾਗ ਦੇ ਮਾਰਕਰ ਸ਼ਾਮਲ ਹਨ; ਅਤੇ
- ਤੁਹਾਡੇ ਜਾਂ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਕੋਲੋਂ ਸਿਹਤ ਸੰਬੰਧੀ ਜਾਣਕਾਰੀ, ਜਿਵੇਂ ਵੀ ਲੋੜ ਪੈਂਦੀ ਹੈ।

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ**
ਕੈਨੇਡੀਅਨ ਬਲੱਡ ਸਰਵਿਸਜ਼, ਆਪਣੇ ਦਾਨ ਦੇ ਪ੍ਰੋਗਰਾਮਾਂ ਵਿੱਚ ਭਾਗੀਦਾਰੀ ਕਰਨ ਲਈ ਤੁਹਾਡੀ ਯੋਗਤਾ ਦਾ ਮੁਲਾਂਕਣ ਕਰਨ ਵਾਸਤੇ, ਲੋੜਵੰਦ ਮਰੀਜ਼ਾਂ ਨਾਲ ਤੁਹਾਡੀ ਅਨੁਰੂਪਤਾ ਦਾ ਮੁਲਾਂਕਣ ਕਰਨ ਅਤੇ ਇਸਦਾ ਮੇਲ ਕਰਾਉਣ ਵਾਸਤੇ, ਅਤੇ ਖੂਨ, ਖੂਨ ਦੇ ਉਤਪਾਦਾਂ, ਨਾੜੂਏ ਦੇ ਖੂਨ ਅਤੇ ਸਟੈੱਮ ਸੈੱਲਾਂ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਵਾਸਤੇ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਦੀ ਹੈ। ਤੁਹਾਡੀ ਨਿੱਜੀ ਜਾਣਕਾਰੀ ਨਿਮਨਲਿਖਤ ਵਾਸਤੇ ਵੀ ਵਰਤੀ ਜਾ ਸਕਦੀ ਹੈ:

- ਤੁਹਾਡੇ ਨਾਲ ਸੰਪਰਕ ਕਰਨ ਵਾਸਤੇ ਜੇ ਤੁਹਾਡੀ ਪਛਾਣ ਕਿਸੇ ਮਰੀਜ਼ ਲਈ ਸੰਭਾਵੀ ਮੇਲ ਵਜੋਂ ਕੀਤੀ ਜਾਂਦੀ ਹੈ, ਜਿਵੇਂ ਵੀ ਲਾਗੂ ਹੁੰਦਾ ਹੈ;
- ਜੇ ਲੋੜ ਪਵੇ ਤਾਂ ਤੁਹਾਨੂੰ ਇੱਕ ਮੂੰਹ ਵਿੱਚੋਂ ਨਮੂਨਾ ਲੈਣ ਦੀ ਕਿੱਟ (buccal swab kit) ਭੇਜਣ ਵਾਸਤੇ;
- ਸੰਬੰਧਿਤ ਸਿਹਤ ਮਸਲਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ, ਜਿਵੇਂ ਵੀ ਲਾਗੂ ਹੁੰਦਾ ਹੈ;
- ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਨਾਲ ਸੰਪਰਕ ਕਰਨ ਵਾਸਤੇ, ਜਿਵੇਂ ਵੀ ਲੋੜ ਪੈਂਦੀ ਹੈ;
- ਸਾਡੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਲਈ ਹੋਰ ਮੌਕਿਆਂ ਸੰਬੰਧੀ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਖੂਨ ਦੀਆਂ ਕਮੀਆਂ ਦੀ ਸੂਰਤ ਵਿੱਚ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਸਾਡੇ ਪ੍ਰੋਗਰਾਮਾਂ ਨੂੰ ਬਿਹਤਰ ਅਤੇ ਵਧੇਰੇ ਸੁਯੋਗ ਬਣਾਉਣ ਵਾਸਤੇ, ਸਟਾਫ਼ ਅਤੇ ਹੋਰ ਲੋਕਾਂ ਨੂੰ ਸਿੱਖਿਆ ਅਤੇ ਸਿਖਲਾਈ ਦੇਣ ਵਾਸਤੇ;
- ਤੁਹਾਡੇ ਖਾਤਿਆਂ ਦਾ ਪ੍ਰਬੰਧਨ ਕਰਨ ਅਤੇ ਤੁਹਾਡੀਆਂ ਪੁੱਛਗਿੱਛਾਂ ਦਾ ਜਵਾਬ ਦੇਣ ਵਾਸਤੇ;
- ਕੈਨੇਡੀਅਨ ਬਲੱਡ ਸਰਵਿਸਜ਼ ਦੇ ਸਨਮਾਨ ਸਮਾਰੋਹਾਂ ਵਿਖੇ ਤੁਹਾਡਾ ਸਨਮਾਨ ਕਰਨ ਵਾਸਤੇ ਅਤੇ ਇੱਕ ਦਾਨੀ ਜਾਂ ਭਾਗੀਦਾਰ ਵਜੋਂ ਤੁਹਾਡੇ ਯੋਗਦਾਨਾਂ ਨੂੰ ਮਾਨਤਾ ਦੇਣ ਵਾਸਤੇ;
- ਪ੍ਰਤੀਯੋਗਤਾਵਾਂ, ਪ੍ਰਚਾਰਾਂ, ਸਰਵੇਖਣਾਂ, ਅਤੇ ਵਾਰਤਾਲਾਪਾਂ ਵਿੱਚ ਤੁਹਾਡੀ ਭਾਗੀਦਾਰੀ ਨੂੰ ਯੋਗ ਬਣਾਉਣ ਵਾਸਤੇ;

- ਤੁਹਾਡੀ ਨਿੱਜੀ ਜਾਣਕਾਰੀ ਨੂੰ ਸ਼ਨਾਖਤ-ਮੁਕਤ ਕਰਨ ਵਾਸਤੇ: ਸ਼ਨਾਖਤ-ਮੁਕਤੀ ਨਾਮ, ਪਤਾ ਅਤੇ ਫ਼ੋਨ ਨੰਬਰ ਵਰਗੇ ਨਿੱਜੀ ਪਛਾਣ-ਕਾਰਕਾਂ ਨੂੰ ਹਟਾਉਣ ਦੀ ਪ੍ਰਕਿਰਿਆ ਹੈ;
- ਉਸ ਖੋਜ ਨੂੰ ਕਰਨ ਵਾਸਤੇ ਜਿਸਨੂੰ ਨੈਤਿਕ ਤੌਰ 'ਤੇ ਮਨਜ਼ੂਰ ਕੀਤਾ ਜਾ ਚੁੱਕਾ ਹੈ;
- ਸਾਡੇ ਕਾਰਜ-ਸਥਾਨ ਦੀ ਸੁਰੱਖਿਆ ਬਰਕਰਾਰ ਰੱਖਣ ਵਾਸਤੇ;
- ਅਚਾਨਕ ਤੁਹਾਡੇ ਦਾਨ ਜਾਂ ਨਮੂਨਿਆਂ ਦੇ ਸੰਪਰਕ ਵਿੱਚ ਆਉਣ ਦੀ ਸੂਰਤ ਵਿੱਚ ਤੁਹਾਡੇ ਟੈਸਟ ਦੇ ਨਤੀਜਿਆਂ ਤੱਕ ਪਹੁੰਚ ਕਰਨ ਵਾਸਤੇ, ਜੋ ਵੀ ਲਾਗੂ ਹੁੰਦਾ ਹੈ;
- ਖੋਜ ਵਿੱਚ ਭਾਗ ਲੈਣ ਲਈ ਮੌਕਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ;
- ਫ਼ੰਡ ਇਕੱਤਰ ਕਰਨ ਦੇ ਮਕਸਦਾਂ ਲਈ ਤੁਹਾਡੇ ਨਾਲ ਸੰਪਰਕ ਕਰਨ ਵਾਸਤੇ। ਜੇ ਤੁਸੀਂ ਸਾਡੀ ਫ਼ੰਡ ਇਕੱਤਰ ਕਰਨ ਲਈ ਸੰਪਰਕ ਸੂਚੀ ਤੋਂ ਆਪਣਾ ਨਾਮ ਵਾਪਸ ਲੈਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1 888 2 DONATE (1.888.236.6283) 'ਤੇ ਕਾਲ ਕਰੋ;
- ਕਨੂੰਨੀ ਅਤੇ ਅਧਿਨਿਯਮਕ ਲੋੜਾਂ ਦੀ ਤਾਮੀਲ ਕਰਨ ਵਾਸਤੇ; ਅਤੇ
- ਕਨੂੰਨ ਵੱਲੋਂ ਇਜ਼ਾਜਤ ਦਿੱਤੇ ਜਾਂਦੇ ਜਾਂ ਲੋੜੇ ਜਾਂਦੇ ਹੋਰ ਮਕਸਦਾਂ ਵਾਸਤੇ ਜਾਂ ਹੋਰ ਵਾਜਬ ਮਕਸਦਾਂ ਵਾਸਤੇ।
- **ਕੇਵਲ ਕੋਰਡ ਬਲੱਡ ਬੈਂਕ ਦੇ ਭਾਗੀਦਾਰਾਂ ਲਈ:** ਤੁਹਾਡੇ ਬੱਚੇ ਦੀ ਸਿਹਤ ਬਾਰੇ ਪੁੱਛਗਿੱਛ ਕਰਨ ਵਾਸਤੇ ਬੱਚੇ ਦੇ ਜਨਮ ਤੋਂ ਬਾਅਦ ਤੁਹਾਡੇ ਨਾਲ ਸੰਪਰਕ ਕਰਨ ਲਈ।

ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੀ ਨਿੱਜੀ ਜਾਣਕਾਰੀ ਨਹੀਂ ਵੇਚਦੀ।

**ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਸਦੇ ਨਾਲ ਸਾਂਝੀ ਕਰਦੇ ਹਾਂ**

ਤੁਹਾਡੀ ਨਿੱਜੀ ਜਾਣਕਾਰੀ ਇਹਨਾਂ ਨਾਲ ਸਾਂਝੀ ਕੀਤੀ ਜਾ ਸਕਦੀ ਹੈ:

- ਜਨਤਕ ਸਿਹਤ ਅਥਾਰਟੀਆਂ;
- ਬਲੱਡ ਸਪਲਾਈ ਸਿਸਟਮ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਹੋਰ ਕੈਨੇਡੀਅਨ ਬਲੱਡ ਆਪਰੇਟਰਾਂ ਨਾਲ;
- ਸੰਬੰਧਿਤ ਸਿਹਤ ਮਾਮਲਿਆਂ ਬਾਰੇ ਤੁਹਾਡੇ ਸਿਹਤ-ਸੰਭਾਲ ਪ੍ਰਦਾਨਕ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ;
- ਤੁਹਾਡੇ ਦਾਨ ਵਿੱਚ ਤਾਲਮੇਲ ਬਿਠਾਉਣ ਲਈ ਹੋਰ ਕੈਨੇਡੀਅਨ ਹਸਪਤਾਲਾਂ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ;
- ਕੈਨੇਡੀਅਨ ਹਸਪਤਾਲ ਅਤੇ ਰਜਿਸਟਰੀਆਂ, ਅਤੇ ਅੰਤਰਰਾਸ਼ਟਰੀ ਰਜਿਸਟਰੀਆਂ ਨਾਲ, ਜਿਵੇਂ ਵੀ ਲਾਗੂ ਹੁੰਦਾ ਹੈ, ਮੇਲ ਕਰਵਾਉਣ ਦੇ ਮਕਸਦਾਂ ਵਾਸਤੇ। ਜਦੋਂ ਜਾਣਕਾਰੀ ਦਾ ਖੁਲਾਸਾ ਕੀਤਾ ਜਾਂਦਾ ਹੈ ਤਾਂ ਅਸੀਂ ਇੱਕ ਵਿਲੱਖਣ ਪਛਾਣ-ਕਾਰਕ (identifier) ਦੀ ਵਰਤੋਂ ਕਰਕੇ ਤੁਹਾਡਾ ਹਵਾਲਾ ਦੇਵਾਂਗੇ;
- ਖੋਜਕਾਰਾਂ ਨਾਲ ਬਸ਼ਰਤੇ ਕਿ ਖੋਜ ਨੂੰ ਨੈਤਿਕ ਤੌਰ 'ਤੇ ਮਨਜ਼ੂਰੀ ਦਿੱਤੀ ਗਈ ਹੈ ਅਤੇ ਇਹ ਕਨੂੰਨੀ ਅਤੇ ਅਧਿਨਿਯਮਕ ਲੋੜਾਂ ਦੀ ਪੂਰਤੀ ਕਰਦੀ ਹੈ;
- ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਮਾਨਤਾ ਦੇਣ ਵਾਲੀਆਂ ਅਤੇ ਅਧਿਨਯਮਕ ਸੰਸਥਾਵਾਂ ਦੇ ਲੇਖਾ-ਪ੍ਰੀਖਿਅਕਾਂ ਨਾਲ; ਅਤੇ
- ਕਨੂੰਨ ਵੱਲੋਂ ਦਿੱਤੀ ਜਾਂਦੀ ਇਜਾਜ਼ਤ ਜਾਂ ਲੋੜ ਅਨੁਸਾਰ ਹੋਰਾਂ ਨਾਲ।
- **ਸਿਰਫ਼ ਸਟੈੱਮ ਸੈੱਲ ਰਜਿਸਟਰੀ ਦੇ ਭਾਗੀਦਾਰਾਂ ਲਈ:** ਜੇ ਤੁਹਾਡੀ ਪਛਾਣ ਕਿਸੇ ਮਰੀਜ਼ ਲਈ ਇੱਕ ਸੰਭਾਵੀ ਮੇਲ਼ ਵਜੋਂ ਕੀਤੀ ਗਈ ਹੈ ਅਤੇ ਅਸੀਂ ਤੁਹਾਡਾ ਟਿਕਾਣਾ ਲੱਭਣ ਦੇ ਅਯੋਗ ਹਾਂ, ਤਾਂ ਤੁਹਾਡੀ ਸੰਪਰਕ ਜਾਣਕਾਰੀ ਅਤੇ ਜਨਮ ਤਾਰੀਖ਼ ਦਾ ਖੁਲਾਸਾ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੂੰ ਕੀਤਾ ਜਾਵੇਗਾ ਤਾਂ ਜੋ ਉਹ ਤੁਹਾਡਾ ਟਿਕਾਣਾ ਲੱਭਣ ਦੀ ਕੋਸ਼ਿਸ਼ ਕਰ ਸਕਣ।

**ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨਾ**

ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਸਿਰਫ਼ ਉਹਨਾਂ ਲੋਕਾਂ ਤੱਕ ਸੀਮਤ ਹੈ ਜਿਨ੍ਹਾਂ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਦੇ ਸੰਬੰਧ ਵਿੱਚ ਖਾਸ ਕਰਤੱਵ ਨਿਭਾਉਣ ਲਈ ਇਸ ਤੱਕ ਪਹੁੰਚ ਦੀ ਲੋੜ ਹੁੰਦੀ ਹੈ। ਅਸੀਂ ਤੀਜੀ ਧਿਰ ਦੇ ਸੇਵਾ ਪ੍ਰਦਾਨਕਾਂ ਦੀ ਵਰਤੋਂ ਕਰ ਸਕਦੇ ਹਾਂ, ਇਸ ਵਿੱਚ ਕੈਨੇਡਾ ਤੋਂ ਬਾਹਰਲੇ ਸੇਵਾ ਪ੍ਰਦਾਨਕ ਵੀ ਸ਼ਾਮਲ ਹਨ। ਕੁਝ ਮਾਮਲਿਆਂ ਵਿੱਚ, ਇਹ ਸੇਵਾ ਪ੍ਰਦਾਨਕ ਸਿੱਧੇ ਤੌਰ 'ਤੇ ਤੁਹਾਡੀ ਨਿੱਜੀ ਜਾਣਕਾਰੀ ਨੂੰ ਤੁਹਾਡੇ ਕੋਲੋਂ ਇਕੱਤਰ ਕਰ

# ਪਰਦੇਦਾਰੀ ਨੋਟਿਸ

ਸਕਦੇ ਹਨ ਅਤੇ ਤੁਹਾਡੀ ਨਿੱਜੀ ਜਾਣਕਾਰੀ ਉਹਨਾਂ ਦੀਆਂ ਪਰਦੇਦਾਰੀ ਨੀਤੀਆਂ ਦੇ ਅਧੀਨ ਹੋ ਸਕਦੀ ਹੈ। ਸਾਰੇ ਪ੍ਰਦਾਨਕ ਆਪਣੇ ਇਕਰਾਰਨਾਮੇ ਤਹਿਤ ਤੁਹਾਡੀ ਨਿੱਜੀ ਜਾਣਕਾਰੀ ਦੀ ਰੱਖਿਆ ਕਰਨ ਅਤੇ ਸਿਰਫ਼ ਉਸੇ ਨਿੱਜੀ ਜਾਣਕਾਰੀ ਨੂੰ ਇਕੱਤਰ ਕਰਨ, ਵਰਤਣ ਅਤੇ ਖੁਲਾਸਾ ਕਰਨ ਦੇ ਪਾਬੰਦ ਹਨ ਜਿਸਦੀ ਉਹਨਾਂ ਨੂੰ ਕੈਨੇਡੀਅਨ ਬਲੱਡ ਸਰਵਿਸਜ਼ ਵਾਸਤੇ, ਜਾਂ ਉਹਨਾਂ ਦੀ ਤਰਫੋਂ ਸੇਵਾਵਾਂ ਪ੍ਰਦਾਨ ਕਰਾਉਣ ਵਾਸਤੇ ਲੋੜ ਪੈਂਦੀ ਹੈ।

**ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨਾ ਜਾਂ ਇਸ ਵਿੱਚ ਸੋਧ ਕਰਵਾਉਣਾ**

ਤੁਹਾਡੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰਨ ਜਾਂ ਇਸ ਵਿੱਚ ਸੋਧਾਂ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ blood.ca ’ਤੇ ਸਾਡੇ Privacy/Legal page ਨੂੰ ਦੇਖੋ। ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੀ ਸੰਪਰਕ ਜਾਣਕਾਰੀ ਵਿੱਚ ਸੋਧ ਕਰਨ ਲਈ ਇੱਕ ਔਨਲਾਈਨ ‘ਆਪਣਾ ਪਤਾ ਬਦਲੋ’ ਫ਼ਾਰਮ ਦੀ ਪੇਸ਼ਕਸ਼ ਕਰਦੀ ਹੈ ਅਤੇ ਕਿਸੇ ਵੀ ਸਮੇਂ ਤੁਸੀਂ ਆਪਣੀ ਸੰਪਰਕ ਜਾਣਕਾਰੀ ਨੂੰ ਇਹਨਾਂ ਦੇ ਰਾਹੀਂ ਅੱਪਡੇਟ ਕਰ ਸਕਦੇ ਹੋ: 1 888 2 DONATE (1.888.236.6283) ’ਤੇ ਕਾਲ ਕਰਕੇ ਜਾਂ ਫਿਰ ਈਮੇਲ: feedback@blood.ca ਜਾਂ blood.ca ’ਤੇ ਸਾਡੀ ਔਨਲਾਈਨ ਚੈਟ ਵਿਸ਼ੇਸ਼ਤਾ ਰਾਹੀਂ।

**ਸਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ**

ਇਸ ਨੋਟਿਸ ਬਾਰੇ ਸਵਾਲਾਂ ਜਾਂ ਸ਼ੰਕਿਆਂ ਵਾਸਤੇ, ਕਿਰਪਾ ਕਰਕੇ ਕੈਨੇਡੀਅਨ ਬਲੱਡ ਸਰਵਿਸਜ਼ ਦੇ ‘ਪ੍ਰਾਈਵੇਸੀ ਐਂਡ ਕੰਪਲਾਇੰਸ' ਆਫਿਸ ਨਾਲ ਇੱਥੇ ਸੰਪਰਕ ਕਰੋ: ਟੌਲ-ਫ੍ਰੀ: 1.877.262.9191 ਈਮੇਲ: privacy@blood.ca.

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਤੁਹਾਡੇ ਸ਼ੰਕਿਆਂ ਦਾ ਹੱਲ ਨਹੀਂ ਕੀਤਾ ਗਿਆ ਤਾਂ ਤੁਹਾਨੂੰ ਆਪਣੇ ਸੂਬੇ ਦੇ 'ਇਨਫਰਮੇਸ਼ਨ ਐਂਡ ਪ੍ਰਾਈਵੇਸੀ ਕਮਿਸ਼ਨਰ’ ਜਾਂ ਲੋਕਪਾਲ ਨਾਲ ਸੰਪਰਕ ਕਰਨ ਦਾ ਅਧਿਕਾਰ ਹੈ।

# ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ
# ਜੀਵ-ਡਾਕਟਰੀ ਖੋਜ ਲਈ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਬਾਬਤ ਜਾਣਕਾਰੀ

**ਇਸ ਹੈਂਡਆਊਟ ਵਿੱਚ ਜੀਵ-ਡਾਕਟਰੀ ਖੋਜ ਵਾਸਤੇ ਕੈਨੇਡੀਅਨ ਬਲੱਡ ਸਰਵਿਸਜ਼ ਦੇ ਕੋਰਡ ਬਲੱਡ ਬੈਂਕ ("ਕੋਰਡ ਬਲੱਡ ਬੈਂਕ") ਨੂੰ ਨਾੜੂਏ ਦਾ ਖ਼ੂਨ ਦਾਨ ਕਰਨ ਬਾਰੇ ਜਾਣਕਾਰੀ ਦਿੱਤੀ ਗਈ ਹੈ।**

ਨਾੜੂਏ ਦੇ ਖ਼ੂਨ ਬਾਰੇ ਜੀਵ-ਡਾਕਟਰੀ ਖੋਜ ਖ਼ੂਨ ਵਿਚਲੇ ਸਟੈੱਮ ਸੈੱਲਾਂ ਦੇ ਪ੍ਰਤੀਰੋਪਣ (transplantation) ਅਤੇ ਨਾੜੂਏ ਦੇ ਖ਼ੂਨ ਨੂੰ ਇਕੱਤਰ ਕਰਨ, ਇਸਦਾ ਨਿਰਮਾਣ ਕਰਨ ਅਤੇ ਸਟੋਰੇਜ ਕਰਨ ਬਾਰੇ ਸਾਡੇ ਗਿਆਨ ਵਿੱਚ ਵਾਧਾ ਕਰ ਸਕਦੀ ਹੈ। ਕੁਝ ਖੋਜ ਕਰਤਾ ਨਾੜੂਏ ਦੇ ਖ਼ੂਨ ਤੋਂ ਮਿਲੇ ਸਟੈੱਮ ਸੈੱਲਾਂ ਦਾ ਅਧਿਐਨ ਕਰ ਰਹੇ ਹਨ ਤਾਂ ਜੋ ਬਿਮਾਰੀਆਂ ਵਾਸਤੇ ਨਵੇਂ ਇਲਾਜਾਂ ਦਾ ਪਤਾ ਲਾਇਆ ਜਾ ਸਕੇ ਜਾਂ ਇਹਨਾਂ ਨੂੰ ਵਿਕਸਿਤ ਕੀਤਾ ਜਾ ਸਕੇ। ਕੁਝ ਹੋਰ ਖੋਜ ਕਰਤਾ ਨਾੜੂਏ ਦੇ ਖ਼ੂਨ ਨੂੰ ਅਜਿਹੇ ਖੋਜ-ਅਧਿਐਨ (ਸਟੈੱਮ ਸੈੱਲਾਂ ਨਾਲ ਸੰਬੰਧਿਤ ਨਹੀਂ) ਵਾਸਤੇ ਵਰਤ ਸਕਦੇ ਹਨ ਜੋ ਭਵਿੱਖ ਦੀ ਡਾਕਟਰੀ ਸੰਭਾਲ ਵਿੱਚ ਸੁਧਾਰਾਂ ਨੂੰ ਜਨਮ ਦੇ ਸਕਦੀ ਹੈ।

## *ਕੋਰਡ ਬਲੱਡ ਬੈਂਕ ਨੂੰ ਦਾਨ ਕੀਤਾ ਨਾੜੂਏ ਦਾ ਖ਼ੂਨ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਖੋਜ ਵਾਸਤੇ ਕਦੋਂ ਵਰਤਿਆ ਜਾਵੇਗਾ?*

ਨਾੜੂਏ ਦੇ ਖ਼ੂਨ ਨੂੰ ਸਟੋਰੇਜ ਵਾਸਤੇ ਅਢੁਕਵਾਂ ਪਾਇਆ ਜਾ ਸਕਦਾ ਹੈ ਜੇਕਰ ਜੇ ਇਹ ਕੋਰਡ ਬਲੱਡ ਬੈਂਕ ਦੀਆਂ ਯੋਗਤਾ ਦੀਆਂ ਲੋੜਾਂ ਦੀ ਪੂਰਤੀ ਨਹੀਂ ਕਰਦਾ। ਕਈ ਵਾਰ, ਹੋ ਸਕਦਾ ਹੈ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਸਟੋਰ ਕੀਤਾ ਜਾਵੇ ਪਰ ਬਾਅਦ ਵਿੱਚ ਪ੍ਰਤੀਰੋਪਣ ਵਾਸਤੇ ਅਢੁਕਵਾਂ ਪਾਇਆ ਜਾਵੇ। ਜੇ ਕਿਸੇ ਵੀ ਸਮੇਂ, ਕੋਰਡ ਬਲੱਡ ਬੈਂਕ ਇਹ ਨਿਰਣਾ ਕਰਦਾ ਹੈ ਕਿ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਸਟੋਰ ਨਹੀਂ ਕੀਤਾ ਜਾ ਸਕਦਾ ਜਾਂ ਪ੍ਰਤੀਰੋਪਣ ਵਾਸਤੇ ਨਹੀਂ ਵਰਤਿਆ ਜਾ ਸਕਦਾ, ਤਾਂ ਇਹ ਫੇਰ ਵੀ ਕੈਨੇਡਾ ਅਤੇ ਵਿਸ਼ਵ ਭਰ ਵਿਚਲੇ ਖੋਜਕਾਰਾਂ ਨੂੰ ਦਿੱਤਾ ਜਾ ਸਕਦਾ ਹੈ, ਜਿੱਥੇ ਇਸਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾਵੇਗਾ।

ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੇ ਸਟੈੱਮ ਸੈੱਲਾਂ ਨੂੰ ਸਟੋਰੇਜ ਲਈ ਤਿਆਰ ਕਰਦੇ ਸਮੇਂ, ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਵਿੱਚੋਂ ਕੁਝ ਅੰਸ਼ ਕੱਢੇ ਜਾਂਦੇ ਹਨ। ਉਦਾਹਰਨ ਲਈ ਇਹਨਾਂ ਅੰਸ਼ਾਂ, ਜਿੰਨ੍ਹਾਂ ਨੂੰ ਸਹਿ-ਉਤਪਾਦ ਵੀ ਕਹਿੰਦੇ ਹਨ, ਵਿੱਚ ਲਹੂ ਦੇ ਲਾਲ ਸੈੱਲ ਸ਼ਾਮਲ ਹੁੰਦੇ ਹਨ। ਬਲੱਡ ਸਟੈੱਮ ਸੈੱਲਾਂ ਦੀ ਸਟੋਰੇਜ ਵਾਸਤੇ ਤਿਆਰੀ ਦੌਰਾਨ ਵਰਤੋਂ ਨਾ ਕੀਤੇ ਗਏ ਅੰਸ਼ਾਂ ਨੂੰ ਖਾਰਜ ਕੀਤੇ ਜਾਣ ਦੀ ਬਜਾਏ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਖੋਜ ਵਾਸਤੇ ਵੰਡਿਆ ਜਾ ਸਕਦਾ ਹੈ।

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ, ਦਾਨ ਕੀਤਾ ਨਾੜੂਏ ਦਾ ਖ਼ੂਨ ਜੀਵ-ਡਾਕਟਰੀ ਖੋਜ ਵਿੱਚ ਵਰਤੇ ਜਾਣ ਵਾਸਤੇ **ਕੇਵਲ** ਤਾਂ ਵੰਡਿਆ ਜਾਵੇਗਾ ਜੇ:

- ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਵਰਤੇ ਜਾਣ ਲਈ ਆਪਣੀ ਸਹਿਮਤੀ ਦਿੱਤੀ ਹੈ;
- ਤੁਹਾਡੇ ਬੱਚੇ ਦਾ ਨਾੜੂਏ ਦਾ ਖ਼ੂਨ ਸਟੋਰੇਜ ਵਾਸਤੇ ਜਾਂ ਪ੍ਰਤੀਰੋਪਣ ਵਿੱਚ ਵਰਤਣ ਵਾਸਤੇ ਅਢੁਕਵਾਂ ਪਾਇਆ ਜਾਂਦਾ ਹੈ;
- ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਕੁਝ ਵਿਸ਼ੇਸ਼ ਖੋਜ ਕਸੌਟੀਆਂ ਨੂੰ ਪੂਰਾ ਕਰਦਾ ਹੈ; ਅਤੇ
- ਉਸ ਖੋਜ ਪ੍ਰੋਜੈਕਟ ਨੂੰ ਮਨਜ਼ੂਰੀ ਮਿਲੀ ਹੋਈ ਹੈ ਜਿਸ ਵਿੱਚ ਤੁਹਾਡੇ ਬੱਚੇ ਦੇ ਨਾੜੂਏ ਦੇ ਖ਼ੂਨ ਦੀ ਵਰਤੋਂ ਕੀਤੀ ਜਾਵੇਗੀ।

ਕੈਨੇਡੀਅਨ ਬਲੱਡ ਸਰਵਿਸਜ਼ ਤੁਹਾਡੇ ਬੱਚੇ ਦੇ ਨਾੜੂਏ ਦਾ ਖ਼ੂਨ ਜਾਂ ਸਹਿ-ਉਤਪਾਦ ਕਿਸੇ ਮਨਜ਼ੂਰਸ਼ੁਦਾ ਖੋਜ ਪ੍ਰੋਜੈਕਟ ਨੂੰ ਖ਼ਰਚੇ ਪੂਰੇ ਕਰਨ ਦੇ ਆਧਾਰ 'ਤੇ ਪ੍ਰਦਾਨ ਕਰਵਾ ਸਕਦੀ ਹੈ।

## *ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਮੈਂ ਆਪਣੇ ਬੱਚੇ ਦੇ ਨਾੜੂਏ ਦੇ ਖ਼ੂਨ ਨੂੰ ਦਾਨ ਕਰਨ ਲਈ ਸਹਿਮਤੀ ਕਿਵੇਂ ਦੇ ਸਕਦਾ/ਦੀ ਹਾਂ?*

Canadian Blood Services BLOOD PLASMA STEM CELLS ORGANS & TISSUES

# ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ

# ਜੀਵ-ਡਾਕਟਰੀ ਖੋਜ ਲਈ ਨਾੜੂਏ ਦੇ ਖੂਨ ਨੂੰ ਦਾਨ ਕਰਨ ਬਾਬਤ ਜਾਣਕਾਰੀ

ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦੇ ਨਾੜੂਏ ਦਾ ਖੂਨ ਜੀਵ-ਡਾਕਟਰੀ ਮਕਸਦਾਂ ਵਾਸਤੇ ਵਰਤਿਆ ਜਾਵੇ ਤਾਂ ਤੁਹਾਡੇ ਵਾਸਤੇ 'ਇਕੱਤਰ ਕਰਨ ਦੀ ਇਜਾਜ਼ਤ' ਫ਼ਾਰਮ ਉੱਤੇ 'ਰਿਸਰਚ ਔਪਟ-ਇਨ' ਬਾਕਸ 'ਤੇ ਸਹੀ ਦਾ ਨਿਸ਼ਾਨ ਲਗਾਉਣਾ ਲਾਜ਼ਮੀ ਹੈ। ਨਹੀਂ ਤਾਂ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਖਾਰਜ ਕੀਤਾ ਜਾ ਸਕਦਾ ਹੈ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਨਹੀਂ ਕਰਦੀ ਤਾਂ ਕੀ ਮੇਰੇ ਬੱਚੇ ਅਤੇ ਮੈਨੂੰ ਪ੍ਰਾਪਤ ਹੋਣ ਵਾਲੀ ਦੇਖਭਾਲ ਪ੍ਰਭਾਵਿਤ ਹੋਵੇਗੀ?***

ਤੁਹਾਡਾ ਦਾਨ ਪੂਰੀ ਤਰ੍ਹਾਂ ਸਵੈ-ਇੱਛਤ ਹੈ। ਕੋਰਡ ਬਲੱਡ ਬੈਂਕ ਦੇ ਜੀਵ-ਡਾਕਟਰੀ ਖੋਜ ਪ੍ਰੋਗਰਾਮ ਵਿੱਚ ਤੁਹਾਡੀ ਭਾਗੀਦਾਰੀ ਦਾ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਮਿਲਣ ਵਾਲੀ ਸੰਭਾਲ ਉੱਤੇ ਕੋਈ ਅਸਰ ਨਹੀਂ ਪਵੇਗਾ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਦੀ ਹਾਂ ਤਾਂ ਕੀ ਕੋਈ ਜੋਖ਼ਮ ਵੀ ਹਨ?***

ਜੇ ਤੁਸੀਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਦੇ ਹੋ ਤਾਂ ਤੁਹਾਡੇ ਜਾਂ ਤੁਹਾਡੇ ਬੱਚੇ ਦੀ ਸਿਹਤ ਨੂੰ ਕੋਈ ਖਤਰਾ ਨਹੀਂ ਹੈ। ਕੈਨੇਡੀਅਨ ਬਲੱਡ ਸਰਵਿਸਜ਼ ਖੋਜਕਾਰਾਂ ਨੂੰ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੇਵਲ ਘੱਟੋ ਘੱਟ ਜਾਣਕਾਰੀ ਦਾ ਖੁਲਾਸਾ ਕਰੇਗੀ ਜਿਵੇਂ ਕਿ ਇਕੱਤਰ ਕਰਨ ਦੀ ਤਾਰੀਖ਼, ਤੁਹਾਡੇ ਬੱਚੇ ਦਾ ਲਿੰਗ ਅਤੇ ਉਹ ਕਸੌਟੀਆਂ ਜਿੰਨ੍ਹਾਂ ਦੀ ਵਰਤੋਂ ਅਸੀਂ ਇਹ ਨਿਰਣਾ ਕਰਨ ਲਈ ਕੀਤੀ ਕਿ ਤੁਹਾਡੇ ਬੱਚੇ ਦੇ ਨਾੜੂਏ ਦਾ ਖੂਨ ਸਟੋਰੇਜ ਵਾਸਤੇ ਅਢੁਕਵਾਂ ਸੀ। ਸਿੱਧੇ ਤੌਰ 'ਤੇ ਤੁਹਾਡੀ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਇੱਕ ਵਿਲੱਖਣ ਕੋਡ ਨਾਲ ਬਦਲ ਦਿੱਤਾ ਜਾਵੇਗਾ। ਇਸ ਤਰ੍ਹਾਂ ਨਾਲ, ਖੋਜਕਾਰਾਂ ਨੂੰ ਇਹ ਪਤਾ ਨਹੀਂ ਹੋਵੇਗਾ ਕਿ ਨਾੜੂਏ ਦਾ ਖੂਨ ਕਿਸ ਨੇ ਦਾਨ ਕੀਤਾ ਸੀ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਨ ਦੀ ਚੋਣ ਕਰਦੀ ਹਾਂ ਤਾਂ ਕੀ ਕੋਈ ਫਾਇਦੇ ਵੀ ਹਨ?***

ਹਾਲਾਂਕਿ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਨ ਤੋਂ ਨਾ ਤਾਂ ਤੁਹਾਨੂੰ ਅਤੇ ਨਾ ਹੀ ਤੁਹਾਡੇ ਬੱਚੇ ਨੂੰ ਕੋਈ ਸਿੱਧਾ ਲਾਭ ਹੋਵੇਗਾ, ਪਰ ਨਾੜੂਏ ਦਾ ਖੂਨ ਭਵਿੱਖ ਵਿੱਚ ਹੋਰ ਮਰੀਜ਼ਾਂ ਦੀ ਮਦਦ ਕਰਨ ਵਿਗਿਆਨਕ ਅਤੇ ਡਾਕਟਰੀ ਖੋਜ ਵਾਸਤੇ ਵਰਤਿਆ ਜਾਂਦਾ ਹੈ। ਨਾੜੂਏ ਦਾ ਖੂਨ ਦਵਾਈਆਂ ਦਾ ਵਿਕਾਸ ਕਰਨ, ਬਿਮਾਰੀਆਂ ਦਾ ਇਲਾਜ ਕਰਨ ਲਈ ਡਾਕਟਰੀ ਅਤੇ/ਜਾਂ ਵਪਾਰਕ ਉਤਪਾਦਾਂ ਦਾ ਵਿਕਾਸ ਕਰਨ ਲਈ ਲਾਭਦਾਇਕ ਹੋ ਸਕਦਾ ਹੈ। ਉਤਪਾਦਾਂ ਨੂੰ ਵਿਕਸਿਤ ਕੀਤਾ ਜਾ ਸਕਦਾ ਹੈ ਅਤੇ ਜਨਤਾ ਨੂੰ ਵੇਚਿਆ ਜਾ ਸਕਦਾ ਹੈ, ਪਰ ਉਤਪਾਦ ਉੱਤੇ ਤੁਹਾਡੇ ਕੋਈ ਅਧਿਕਾਰ ਨਹੀਂ ਹੋਣਗੇ ਜਾਂ ਤੁਹਾਨੂੰ ਉਹਨਾਂ ਕੋਲੋਂ ਕੋਈ ਵਿੱਤੀ ਲਾਭ ਨਹੀਂ ਮਿਲੇਗਾ।

***ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਮੇਰੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਕਿਸ ਕਿਸਮ ਦੀ ਜੀਵ-ਡਾਕਟਰੀ ਖੋਜ ਵਾਸਤੇ ਵਰਤਿਆ ਜਾਵੇਗਾ?***

ਨਾੜੂਏ ਦੇ ਖੂਨ ਉੱਤੇ ਜੀਵ-ਡਾਕਟਰੀ ਖੋਜ ਦੀਆਂ ਉਦਾਹਰਨਾਂ ਵਿੱਚ ਇਹ ਸ਼ਾਮਲ ਹਨ:

- ਉਹਨਾਂ ਵਰਤਮਾਨ ਕਲੀਨਿਕੀ ਪ੍ਰਥਾਵਾਂ ਵਿੱਚ ਸੁਧਾਰ ਕਰਨਾ ਜੋ ਨਾੜੂਏ ਦੇ ਖੂਨ ਦੀ ਵਰਤੋਂ ਕਰਦੀਆਂ ਹਨ
- ਨਾੜੂਏ ਦੇ ਖੂਨ ਨੂੰ ਇਕੱਤਰ ਕਰਨ, ਇਸਦਾ ਨਿਰਮਾਣ ਕਰਨ ਅਤੇ ਸਟੋਰੇਜ ਕਰਨ ਵਿੱਚ ਸੁਧਾਰ ਕਰਨਾ
- ਸਟੈੱਮ ਸੈੱਲ ਸਬੰਧੀ ਜੀਵ-ਵਿਗਿਆਨ ਦਾ ਅਧਿਐਨ ਕਰਨਾ
- ਨਾੜੂਏ ਦੇ ਖੂਨ ਤੋਂ ਪ੍ਰਾਪਤ ਹੋਏ ਸਟੈੱਮ ਸੈੱਲਾਂ ਦੇ ਹੋਰ ਕਲੀਨਿਕੀ ਅਤੇ ਗੈਰ-ਕਲੀਨਿਕੀ ਉਪਯੋਗਾਂ ਦਾ ਪਤਾ ਲਾਉਣਾ
- ਸਟੈੱਮ ਸੈੱਲ ਲਾਈਨਾਂ ਦਾ ਉਤਪਾਦਨ ਜਿੰਨ੍ਹਾਂ ਨੂੰ ਕਈ ਸਾਲਾਂ ਤੱਕ ਕਾਇਮ ਰੱਖਿਆ ਜਾ ਸਕੇ ਅਤੇ ਭਿੰਨ-ਭਿੰਨ ਖੋਜ ਮਕਸਦਾਂ ਵਾਸਤੇ ਵਰਤਿਆ ਜਾ ਸਕੇ
- ਮਨੁੱਖੀ ਬਿਮਾਰੀਆਂ ਦਾ ਇਲਾਜ ਕਰਨ ਲਈ ਦਵਾਈਆਂ, ਡਾਕਟਰੀ ਅਤੇ/ਜਾਂ ਵਪਾਰਕ ਉਤਪਾਦਾਂ ਦਾ ਵਿਕਾਸ ਕਰਨਾ

Canadian Blood Services BLOOD PLASMA STEM CELLS ORGANS & TISSUES

# ਕੈਨੇਡੀਅਨ ਬਲੱਡ ਸਰਵਿਸਜ਼ ਦਾ ਕੋਰਡ ਬਲੱਡ ਬੈਂਕ
# ਜੀਵ-ਡਾਕਟਰੀ ਖੋਜ ਲਈ ਨਾੜੂਏ ਦੇ ਖੂਨ ਨੂੰ ਦਾਨ ਕਰਨ ਬਾਬਤ ਜਾਣਕਾਰੀ

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਸਾਰੇ ਖੋਜ ਪ੍ਰੋਜੈਕਟ ਲਾਜ਼ਮੀ ਤੌਰ 'ਤੇ ਕੈਨੇਡੀਅਨ ਬਲੱਡ ਸਰਵਿਸਜ਼ ਦੁਆਰਾ ਮਨਜ਼ੂਰ ਕੀਤੇ ਜਾਣੇ ਚਾਹੀਦੇ ਹਨ। ਕੈਨੇਡੀਅਨ ਬਲੱਡ ਸਰਵਿਸਜ਼ ਦਾ 'ਖੋਜ ਨੈਤਿਕਤਾ ਬੋਰਡ' ਵੀ ਸਾਰੇ ਪ੍ਰੋਜੈਕਟਾਂ ਦੀ ਸਮੀਖਿਆ ਕਰੇਗਾ। ਇਸ ਤੋਂ ਇਲਾਵਾ, ਖੋਜਕਾਰਾਂ ਨੂੰ ਆਪਣੀਆਂ ਖੁਦ ਦੀਆਂ ਸੰਸਥਾਵਾਂ ਕੋਲੋਂ ਨੈਤਿਕਤਾ ਮਨਜ਼ੂਰੀ ਮਿਲੀ ਹੋਣੀ ਲਾਜ਼ਮੀ ਹੈ ਅਤੇ, ਜੇ ਲਾਗੂ ਹੁੰਦਾ ਹੋਵੇ, ਤਾਂ ਹੋਰ ਸਲਾਹਕਾਰੀ ਗਰੁੱਪਾਂ ਕੋਲੋਂ ਵੀ ਜੋ ਖੋਜ ਦੀ ਨਿਗਰਾਨੀ ਕਰਦੇ ਹਨ।

ਜੇ ਤੁਸੀਂ ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਦੇ ਹੋ ਤਾਂ ਤੁਸੀਂ ਇਹ ਚੋਣ ਨਹੀਂ ਕਰ ਸਕਦੇ ਕਿ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਕਿਸ ਕਿਸਮ ਦੀ ਖੋਜ ਜਾਂ ਕਿਹੜੇ ਖੋਜ ਪ੍ਰੋਜੈਕਟ ਵਾਸਤੇ ਵਰਤਿਆ ਜਾ ਸਕਦਾ ਹੈ।

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਦਾਨ ਕੀਤੇ ਨਾੜੂਏ ਦੇ ਖੂਨ ਦੀ ਵਰਤੋਂ ਕਰਨ ਵਾਲੇ ਖੋਜ ਪ੍ਰੋਜੈਕਟਾਂ ਬਾਰੇ ਹੋਰ ਜਾਣਕਾਰੀ ਕੈਨੇਡੀਅਨ ਬਲੱਡ ਸਰਵਿਸਜ਼ ਦੀ ਵੈੱਬਸਾਈਟ www.blood.ca/researchcordblood 'ਤੇ ਦੇਖੋ।

***ਖੋਜ ਦੇ ਨਤੀਜਿਆਂ ਦਾ ਖੁਲਾਸਾ ਕਿਵੇਂ ਕੀਤਾ ਜਾਵੇਗਾ?***

ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਵੰਡੇ ਜਾਂਦੇ ਨਾੜੂਏ ਦੇ ਖੂਨ ਦੀ ਵਰਤੋਂ ਕਰਕੇ ਕੀਤੀ ਜੀਵ-ਡਾਕਟਰੀ ਖੋਜ ਦੇ ਨਤੀਜੇ ਮੀਟਿੰਗਾਂ ਜਾਂ ਪ੍ਰਕਾਸ਼ਨਾਵਾਂ ਵਿੱਚ ਪੇਸ਼ ਕੀਤੇ ਜਾ ਸਕਦੇ ਹਨ, ਪਰ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਸ਼ਨਾਖਤ ਦਾ ਖੁਲਾਸਾ ਨਹੀਂ ਕੀਤਾ ਜਾਵੇਗਾ। ਪੇਸ਼ ਕੀਤੇ ਜਾਂ ਪ੍ਰਕਾਸ਼ਿਤ ਕੀਤੇ ਖੋਜ ਨਤੀਜਿਆਂ ਬਾਰੇ ਤੁਹਾਡੇ ਨਾਲ ਸੰਪਰਕ ਨਹੀਂ ਕੀਤਾ ਜਾਵੇਗਾ। ਕੈਨੇਡੀਅਨ ਬਲੱਡ ਸਰਵਿਸਜ਼ ਦੀ ਵੈੱਬਸਾਈਟ ਉੱਤੇ ਚੱਲ ਰਹੇ ਖੋਜ ਪ੍ਰੋਜੈਕਟਾਂ ਦੀ ਜਾਣਕਾਰੀ ਅਤੇ ਪੂਰੀ ਹੋ ਚੁੱਕੀ ਖੋਜ ਦੇ ਆਮ ਨਤੀਜੇ ਉਪਲਬਧ ਹਨ।

***ਜੇ ਮੈਂ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਜੀਵ-ਡਾਕਟਰੀ ਮਕਸਦਾਂ ਵਾਸਤੇ ਆਪਣੀ ਸਹਿਮਤੀ ਵਾਪਸ ਲੈਣੀ ਚਾਹਾਂ ਤਾਂ ਕੀ?***

ਆਪਣੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਦਾਨ ਕਰਨਾ ਪੂਰੀ ਤਰ੍ਹਾਂ ਸਵੈ-ਇੱਛਤ ਹੈ। ਤੁਸੀਂ ਆਪਣੀ ਸਹਿਮਤੀ ਕਿਸੇ ਵੀ ਸਮੇਂ 'ਤੇ ਵਾਪਸ ਲੈ ਸਕਦੇ ਹੋ। ਤੁਸੀਂ 1 888 2 DONATE (1-888-236-6283) 'ਤੇ ਕਾਲ ਕਰੋ ਅਤੇ ਅਸੀਂ ਇੱਕ "ਕੈਨੇਡੀਅਨ ਬਲੱਡ ਸਰਵਿਸਜ਼ ਦੀ ਕੋਰਡ ਬਲੱਡ ਬੈਂਕ ਵਿੱਚ ਭਾਗ ਲੈਣ ਲਈ ਸਹਿਮਤੀ ਵਾਪਸ ਲੈਣਾ" ਸਿਰਲੇਖ ਵਾਲਾ ਇੱਕ ਫਾਰਮ ਤੁਹਾਨੂੰ ਭੇਜਾਂਗੇ। ਫ਼ਾਰਮ ਨੂੰ ਭਰੋ ਅਤੇ ਇਸਨੂੰ ਕੈਨੇਡੀਅਨ ਬਲੱਡ ਸਰਵਿਸਜ਼ ਨੂੰ ਵਾਪਸ ਭੇਜ ਦਿਓ।

ਕਿਰਪਾ ਕਰਕੇ ਨੋਟ ਕਰੋ ਕਿ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਖੋਜਕਾਰਾਂ ਨੂੰ ਦਿੱਤਾ ਜਾਣ ਵਾਲਾ ਜ਼ਿਆਦਾਤਰ ਨਾੜੂਏ ਦਾ ਖੂਨ ਇਕੱਤਰ ਕੀਤੇ ਜਾਣ ਦੇ ੪8 ਘੰਟਿਆਂ ਅੰਦਰ ਭੇਜ ਦਿੱਤਾ ਜਾਵੇਗਾ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਜੀਵ-ਡਾਕਟਰੀ ਖੋਜ ਵਾਸਤੇ ਪਹਿਲਾਂ ਹੀ ਨਹੀਂ ਵਰਤ ਲਿਆ ਗਿਆ ਤਾਂ ਇਸ ਨੂੰ ਖਾਰਜ ਕਰ ਦਿੱਤਾ ਜਾਵੇਗਾ। ਜੇ ਤੁਹਾਡੇ ਬੱਚੇ ਦੇ ਨਾੜੂਏ ਦੇ ਖੂਨ ਨੂੰ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਤਹਿਤ ਪਹਿਲਾਂ ਹੀ ਜੀਵ-ਡਾਕਟਰੀ ਖੋਜ ਵਾਸਤੇ ਵਰਤ ਲਿਆ ਗਿਆ ਹੈ, ਤਾਂ ਹੋ ਸਕਦਾ ਹੈ ਕਿ ਨਾੜੂਏ ਦੇ ਖੂਨ ਦਾ ਨਮੂਨਾ ਅਤੇ ਖੋਜ ਦੇ ਨਤੀਜੇ ਵਾਪਸ ਨਾ ਲਏ ਜਾ ਸਕਣ।

***ਜੇ ਕੋਰਡ ਬਲੱਡ ਬੈਂਕ ਦੇ ਖੋਜ ਪ੍ਰੋਗਰਾਮ ਬਾਰੇ ਮੇਰੇ ਕੋਈ ਸਵਾਲ ਹੋਣ ਤਾਂ ਕੀ?***

ਵਧੇਰੇ ਜਾਣਕਾਰੀ ਵਾਸਤੇ, 1 888 2 DONATE (1-888-236-6283) 'ਤੇ ਕਾਲ ਕਰੋ ਜਾਂ ਫਿਰ ਸਾਡੀ ਵੈੱਬਸਾਈਟ www.blood.ca/researchcordblood ਦੇਖੋ।